*ਲੇਖਕ ਦੀ ਕਲਮ ਤੋਂ*

ਕਲਯੁਗ ਦੀ ਮੈਲ
ਜਬੈ ਬਾਣ ਲਾਗਿਯੋ (ਭਾਸ਼ਾ ਵਿਭਾਗ, ਪੰਜਾਬ ਦਾ
ਆਈ. ਸੀ. ਨੰਦਾ ਪੁਰਸਕਾਰ ਜੇਤੂ)

# ਡਾਲਰ ਮੇਰਾ ਪੁੱਤਰ

**ਸਤਵਿੰਦਰ ਸਿੰਘ ਬੇਗੋਵਾਲੀਆ**

ਸੰਸਕਰਣ : 2003

**Doller Mera Puttar**
(Play)
By
**Satwinder Singh Begowalia**

Published by
**Deepak Publishers**
Mai Hiran Gate
Jalandhar-144 008
Ph : 281924, 214196

**ਡਾਲਰ ਮੇਰਾ ਪੁੱਤਰ**
(ਨਾਟਕ)
**ਸਤਵਿੰਦਰ ਸਿੰਘ ਬੇਗੋਵਾਲੀਆ**

ਪ੍ਰਕਾਸ਼ਕ
**ਦੀਪਕ ਪਬਲਿਸ਼ਰਜ਼,**
ਮਾਈ ਹੀਰਾਂ ਗੇਟ,
ਜਲੰਧਰ-144 008
ਫ਼ੋਨ : 281924, 214196

ਛਾਪਕ
**ਨਾਇਸ ਪ੍ਰਿੰਟਿੰਗ ਪ੍ਰੈੱਸ**
ਦਿੱਲੀ।

ਚਿੱਤਰਕਾਰ
**ਸੁਖਵੰਤ**

ਮੁੱਲ
125 ਰੁਪਏ

**ਨਾਟਕਕਾਰ**
**ਅਜਮੇਰ ਸਿੰਘ ਔਲਖ**
**ਨੂੰ !**

*ਵੱਡੀਆਂ ਮੱਛੀਆਂ, ਮੂੰਹ ਖੁੱਲ੍ਹੇ ਤੇ ਛੋਟੀਆਂ ਮੱਛੀਆਂ*
*ਉਹਨਾਂ ਦੇ ਮੂੰਹ ਵਿੱਚ...............................*
*(ਉੱਚੀ ਆਵਾਜ਼ ਵਿੱਚ) ਉਹ ਵੱਡੀਆਂ ਮੱਛੀਆਂ*
*ਸਾਨੂੰ ਖਾ ਜਾਣਗੀਆਂ।*

**(ਇਸੇ ਨਾਟਕ ਵਿੱਚੋਂ)**

# 'ਡਾਲਰ ਮੇਰਾ ਪੁੱਤਰ'—ਖੁਰਦੇ ਮਨੁੱਖੀ ਰਿਸ਼ਤਿਆਂ ਦੀ ਚਿੰਤਾ

ਸਤਵਿੰਦਰ ਸਿੰਘ ਬੇਗੋਵਾਲੀਆ ਪੰਜਾਬੀ ਨਾਟਕ ਜਗਤ ਦੀ ਨਵੀਂ ਉਭਰਦੀ ਪੀੜ੍ਹੀ ਦਾ ਨੌਜਵਾਨ ਨਾਟਕਕਾਰ ਹੈ ਜੋ ਨਾਟ-ਸਿਰਜਣਾ ਦੇ ਨਾਲ ਨਾਲ ਨਾਟ-ਮੰਚਨ ਨਾਲ ਵੀ ਜੁੜਿਆ ਹੈ। ਨਾਟ-ਮੰਚਨ ਅਭਿਆਸ ਸਦਕਾ ਉਸਦੇ ਨਾਟਕਾਂ ਵਿਚ ਤਕਨੀਕੀ ਵਿਕਾਸ ਨਿਰੰਤਰ ਹੁੰਦਾ ਰਹਿੰਦਾ ਹੈ।'ਡਾਲਰ ਮੇਰਾ ਪੁੱਤਰ' ਨਾਟਕ ਵਿਚ ਉਸਦੇ ਇਸ ਵਿਕਾਸ ਨੂੰ ਭਲੀਭਾਂਤ ਵੇਖਿਆ ਜਾ ਸਕਦਾ ਹੈ।

'ਡਾਲਰ ਮੇਰਾ ਪੁੱਤਰ' ਬੇਗੋਵਾਲੀਆ ਦੀ ਤੀਜੀ ਨਾਟ-ਪੁਸਤਕ ਹੈ। ਇਹ ਪੂਰਾ ਨਾਟਕ ਹੈ। ਇਸ ਤੋਂ ਪਹਿਲਾਂ ਉਹ ਦੋ ਨਾਟ-ਪੁਸਤਕਾਂ 'ਕਲਯੁਗ ਦੀ ਮੈਲ' ਅਤੇ 'ਜਬੈ ਬਾਣ ਲਾਗਿਯੋ' ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਇਹਨਾਂ ਤਿੰਨਾਂ ਨਾਟ-ਪੁਸਤਕਾਂ ਦੇ ਪਾਠ ਕੀਤਿਆਂ ਸਾਨੂੰ ਪਤਾ ਲਗਦਾ ਹੈ ਕਿ ਜਿਥੇ ਇਕ ਪਾਸੇ ਉਹ ਸਮਾਜ ਦੇ ਗੰਭੀਰ ਸਰੋਕਾਰਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਉਂਦਾ ਹੈ ਉਥੇ ਦੂਜੇ ਪਾਸੇ ਉਹ ਨਾਟਕ ਦੇ ਰੂਪਕ ਪੱਖਾਂ ਵਿਚ ਵੀ ਲਗਾਤਾਰ ਨਿਖ਼ਾਰ ਲਿਆਉਂਦਾ ਵਿਖਾਈ ਦਿੰਦਾ ਜਾਪਦਾ ਹੈ।

'ਡਾਲਰ ਮੇਰਾ ਪੁੱਤਰ' ਨਾਟਕ ਵਿਚ ਨਾਟਕਕਾਰ ਸਾਡੇ ਸਮਾਜ ਦੀ ਇਕ ਅਹਿਮ ਸਮੱਸਿਆ ਵੱਲ ਸਾਡਾ ਧਿਆਨ ਕੇਂਦਰਤ ਕਰਨਾ ਲੋਚਦਾ ਹੈ ਅਤੇ ਸਾਡੇ ਅਜੋਕੇ ਸਮਾਜ ਵਿਚ ਮਨੁੱਖ ਲੋੜ ਨਾਲੋਂ ਵੱਧ ਮਾਇਆ ਮੁਖੀ ਹੁੰਦਾ ਜਾ ਰਿਹਾ ਹੈ। ਮਾਇਆ (ਧੰਨ-ਦੌਲਤ, ਜਾਇਦਾਦ) ਸਾਧਨ ਦੀ ਥਾਂ ਮਨੁੱਖੀ ਜੀਵਨ ਦਾ ਆਦਰਸ਼ ਬਣਦੀ ਜਾ ਰਹੀ ਹੈ। ਸਿੱਟੇ ਵਜੋਂ ਮਨੁੱਖੀ ਰਿਸ਼ਤੇ ਆਰਥਿਕ ਰਿਸ਼ਤਿਆਂ ਵਿਚ ਤਬਦੀਲ ਹੁੰਦੇ ਜਾ ਰਹੇ ਹਨ। ਇਸੇ ਕਰਕੇ ਮਨੁੱਖੀ ਜ਼ਿੰਦਗੀ ਵਿਚ ਰੂਹਾਨੀ ਖੇੜੇ ਅਤੇ ਆਨੰਦ ਦੀ ਥਾਂ ਦੁੱਖ, ਕਲੇਸ਼ ਅਤੇ ਬੇਚੈਨੀ ਦਾ ਬੋਲਬਾਲਾ ਹੋ

ਗਿਆ ਹੈ। ਇਸ ਨਾਟਕ ਵਿਚ ਧੰਨਾ ਸਿੰਘ ਦੇ ਪਰਿਵਾਰ ਦੀਆਂ ਸਮੁੱਚੀਆਂ ਘਟਨਾਵਾਂ ਵਿਚੋਂ ਇਸੇ ਸੱਚ ਦੀ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਧੰਨਾ ਸਿੰਘ, ਉਸ ਦੀ ਪਤਨੀ ਜੀਤੋ, ਤਿੰਨੇ ਪੁੱਤਰ ਦਿਆਲ, ਕਸ਼ਮੀਰ ਅਤੇ ਬੀਰ ਅਤੇ ਧੰਨਾ ਸਿੰਘ ਦੀ ਨੂੰਹ ਸਿੰਦਰ ਕੌਰ ਸਾਰੇ ਦੇ ਸਾਰੇ ਇਨਸਾਨੀ ਰਿਸ਼ਤਿਆਂ ਵਿਚ ਨਹੀਂ, ਬੀਰ ਸਿੰਘ ਦੇ ਡਾਲਰਾਂ ਨਾਲ ਬੱਝੇ ਹੋਏ ਹਨ ਤੇ ਜਦੋਂ ਬੀਰ ਸਿੰਘ ਕੋਲੋਂ ਇਹ ਡਾਲਰ ਖੁੱਸ ਜਾਂਦੇ ਹਨ ਤਾਂ ਸਾਰੇ ਦੇ ਸਾਰੇ ਆਰਥਿਕ ਰਿਸ਼ਤੇ ਕਾਫ਼ੂਰ ਵਾਂਗ ਉੱਡ-ਪੁੱਡ ਜਾਂਦੇ ਹਨ।ਇਸ ਤਰ੍ਹਾਂ ਇਹ ਨਾਟਕ ਆਪਣੇ ਨਾਟਕੀ ਅੰਦਾਜ਼ ਵਿਚ ਖ਼ੁਰਦੇ ਮਨੁੱਖੀ ਰਿਸ਼ਤਿਆਂ ਦੀ ਚਿੰਤਾ ਆਪਣੇ ਪਾਠਕਾਂ ਅਤੇ ਦਰਸ਼ਕਾ ਦੇ ਰੂਬਰੂ ਰੱਖਣ ਵਿਚ ਪੂਰੀ ਤਰ੍ਹਾਂ ਸਫ਼ਲ ਕਿਹਾ ਜਾ ਸਕਦਾ ਹੈ।ਅਜਿਹੀ ਅਹਿਮ ਸਮੱਸਿਆ ਪ੍ਰਤੀ ਚੇਤਨ ਕਰਨ ਲਈ ਸਾਨੂੰ ਬੇਗੋਵਾਲੀਆ ਦਾ ਧੰਨਵਾਦ ਵੀ ਕਰਨਾ ਚਾਹੀਦਾ ਹੈ ਅਤੇ ਉਸ ਦੀ ਇਸ ਨਵੀਨ ਲਿਖਤ ਲਈ ਸਿਫ਼ਤ ਵੀ ਤੇ ਉਸ ਨੂੰ ਵਧਾਈ ਵੀ ਦੇਣੀ ਚਾਹੀਦੀ ਹੈ। ਇਹ ਦੋਵੇਂ ਕਾਰਜ ਨਿਭਾਉਂਦਿਆਂ ਨਾਲ ਦੀ ਨਾਲ ਮੈਂ ਇਹ ਆਸ ਵੀ ਰੱਖਦਾ ਹਾਂ ਕਿ ਸਤਵਿੰਦਰ ਸਿੰਘ ਬੇਗੋਵਾਲੀਆ ਭਵਿੱਖ ਵਿਚ ਅਜਿਹੇ ਸਰੋਕਾਰਾਂ ਦੀ ਗੱਲ ਕਰਦਾ ਯਥਾਰਥ ਨੂੰ ਹੋਰ ਵੀ ਡੂੰਘਾਈ ਨਾਲ ਪਕੜਨ ਅਤੇ ਪਰਖਣ ਦੀ ਸੂਝ ਦਾ ਕਲਾਤਮਕ ਪ੍ਰਗਟਾਵਾ ਕਰੇਗਾ ਅਤੇ ਕਰਦਾ ਰਹੇਗਾ।

***ਅਜਮੇਰ ਸਿੰਘ ਔਲਖ***
ਲੋਕ ਕਲਾ ਮੰਚ
ਮਾਨਸਾ।



# ਕਲਮ, ਮੰਚ ਅਤੇ ਲੋਕ

ਮੈਨੂੰ ਕੁੱਝ ਮਾਨਸਿਕ ਤਸੱਲੀ ਜ਼ਰੂਰ ਹੋਈ ਹੈ ਕਿ ਪਾਠਕਾਂ ਨੇ ਮੇਰੀਆਂ ਪਹਿਲੀਆਂ ਦੋ ਨਾਟ-ਰਚਨਾਵਾਂ 'ਕਲਯੁਗ ਦੀ ਮੈਲ' ਅਤੇ 'ਜਬੈ ਬਾਣ ਲਾਗਿਯੋ' ਪ੍ਰਤੀ ਬਣਦਾ ਹੁੰਗਾਰਾ ਭਰਿਆ। ਸਾਧਾਰਣ ਪਾਠਕਾਂ ਨੇ 'ਕਲਯੁਗ ਦੀ ਮੈਲ' ਨੂੰ ਜ਼ਿਆਦਾ ਸਲਾਹਿਆ।ਇਸ ਤਰ੍ਹਾਂ ਹੋਣਾ ਕੁਦਰਤੀ ਸੀ ਕਿਉਂਕਿ ਉਕਤ ਪੁਸਤਕ ਯਥਾਰਥਵਾਦੀ ਵਿਧੀ ਜ਼ਰੀਏ ਸਮਾਜਿਕ ਲਾਹਣਤਾਂ ਖਿਲਾਫ਼ ਇੱਕ ਅਭਿਆਨ ਹੈ, ਪਾਤਰ ਪਾਠਕਾਂ ਨਾਲ ਮਿਲਦੇ ਜੁਲਦੇ ਹਨ ਅਤੇ ਸ਼ੈਲੀ ਪੱਖੋਂ ਨਾਟਕ, ਲੋਕ ਨਾਟਕਾਂ ਵਰਗੇ ਹਨ।ਉਕਤ ਪੁਸਤਕ ਮੇਰੇ ਨਾਟਕੀ ਸਫ਼ਰ ਦੀ ਸ਼ੁਰੂਆਤ ਸੀ। ਮੈਂ ਆਪਣੀ ਦੂਸਰੀ ਪੁਸਤਕ 'ਜਬੈ ਬਣ ਲਾਗਿਯੋ' ਵਿੱਚ ਕੁੱਝ ਨਵੇਂ ਪ੍ਰਯੋਗ ਕਰਨ ਦੀ ਕੋਸ਼ਿਸ਼ ਕੀਤੀ। ਇਸ ਪੁਸਤਕ ਵਿਚਲੇ ਦੋ ਨਾਟਕ 'ਮੰਚ' ਅਤੇ 'ਮਿੱਟੀ ਅਤੇ ਆਜ਼ਾਦੀ' ਵਿਦਵਾਨ ਲੋਕਾਂ ਨੂੰ ਵੀ ਪ੍ਰਭਾਵਿਤ ਕਰਨ ਵਿੱਚ ਸਫ਼ਲ ਰਹੇ, ਸ਼ਾਇਦ ਇਸੇ ਕਰਕੇ 'ਜਬੈ ਬਾਣ ਲਾਗਿਯੋ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 2000 ਦਾ ਆਈ.ਸੀ.ਨੰਦਾ ਪੁਰਸਕਾਰ ਦੀ ਪ੍ਰਾਪਤੀ ਹੋਈ।

ਪਰਿਵਰਤਨ ਕੁਦਰਤ ਦਾ ਨੇਮ ਹੈ। ਸਮਾਜ ਵਿੱਚ ਟੁੱਟ ਭੱਜ ਜਾਰੀ ਹੈ। ਨਵੀਆਂ ਚੁਣੌਤੀਆਂ ਮੂੰਹ ਅੱਡੀ ਖੜ੍ਹੀਆਂ ਹਨ, ਰਿਸ਼ਤਿਆਂ ਵਿੱਚ ਤਰੇੜਾਂ ਆ ਰਹੀਆਂ ਹਨ।ਉੱਘੇ ਗਜ਼ਲਗੋ ਅਤੇ ਸਮੀਖਿਅਕ ਡਾ: ਜਸਵੰਤ ਬੇਗੋਵਾਲ ਦੀਆਂ ਨਿਮਨ ਲਿਖਤ ਸਤਰਾਂ ਮੇਰੇ ਜ਼ਿਹਨ ਵਿੱਚ ਵਾਰ ਵਾਰ ਹਲਚਲ ਮਚਾ ਰਹੀਆਂ ਹਨ :

ਨੰਗਲ, ਸੀਕਰੀ ਲੰਘ ਕੇ ਜਦ ਵੀ ਆਵੇ ਬੇਗੋਵਾਲ।
ਤਿੜਕੇ ਰਿਸ਼ਤੇ ਦੇਖ ਦੇਖ ਕੁਰਲਾਵੇ ਬੇਗੋਵਾਲ।

ਸਮੇਂ ਦੀ ਲੋੜ ਸਮਝੋ ਜਾਂ ਮਜ਼ਬੂਰੀ, ਭਾਰਤ ਦੇ ਕਈ ਇਲਾਕਿਆਂ ਦੇ ਲੋਕ ਗਰੀਬੀ ਦੀ ਲਾਹਣਤ ਤੋਂ ਛੁਟਕਾਰਾ ਪਾਉਣ ਵੱਸ ਵਿਦੇਸ਼ਾਂ ਵਿੱਚ ਚਲੇ ਗਏ। ਵਿਦੇਸ਼ੀ ਕਰੰਸੀ ਦੀ ਚਮਕ ਦਮਕ ਨੇ ਇਸ ਰੁਝਾਣ ਵਿੱਚ ਹੋਰ ਵਾਧਾ ਕੀਤਾ। ਇਸ ਰੁਝਾਣ ਨੇ ਇਥੋਂ ਦੇ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿੱਚ ਲੋਕਾਂ ਦੇ ਰਹਿਣ ਸਹਿਣ ਵਿੱਚ ਜ਼ਿਕਰਯੋਗ ਉਥਲ ਪੁਥਲ ਕੀਤੀ। ਬਹੁਤ ਸਾਰੇ ਸ਼ੁਭਚਿੰਤਕਾਂ ਨੇ ਇਸ ਸਾਰੇ ਕੁੱਝ ਨੂੰ ਨਾਟਕ ਦਾ ਢੁੱਕਵਾਂ

ਵਿਸ਼ਾ ਮੰਨਦਿਆਂ ਮੈਨੂੰ ਸਲਾਹ ਦਿੱਤੀ ਕਿ ਮੈਂ ਸਬੰਧੀ ਜ਼ਰੂਰ ਕਲਮ ਚਲਾਵਾਂ। ਮੈਨੂੰ ਕੁੱਝ ਪਰਿਵਾਰਾਂ ਵਿੱਚ ਵਾਪਰੀਆਂ ਘਟਨਾਵਾਂ ਦਾ ਪਤਾ ਚੱਲਿਆ। ਰਹਿੰਦਾ ਕਾਰਜ ਮੈਂ ਆਪਣੀ ਕਲਪਨਾ ਜ਼ਰੀਏ ਸਾਧ ਲਿਆ। ਕਿਉਂਕਿ ਕੋਈ ਵੀ ਸਾਹਿਤਕ ਕਿਰਤ ਜ਼ਿੰਦਗੀ ਦੀ ਫੋਟੋਗ੍ਰਾਫੀ ਨਹੀਂ ਹੈ।

ਸਾਹਿਤ ਦੇ ਹੋਰ ਰੂਪਾਂ ਨਾਲੋਂ ਨਾਟਕ ਇੱਕ ਅੱਡਰੀ ਵਿਧਾ ਹੈ। ਇਸ ਦੀ ਮੰਚ ਤੇ ਪੇਸ਼ਕਾਰੀ ਜੇ ਸਮੱਸਿਆ ਨਹੀਂ ਤਾਂ ਘੱਟੋ ਘੱਟ ਲੋੜ ਜ਼ਰੂਰ ਹੈ। ਕੋਸ਼ਿਸ਼ ਕੀਤੀ ਹੈ ਕਿ ਮੰਚਨ ਦੀਆਂ ਲੋੜਾਂ/ਸਹੂਲਤਾਂ ਮੁਤਾਬਿਕ ਨਾਟ-ਰਚਨਾ ਕਰਾਂ। ਨਾਟਕ ਨਿਰਦੇਸ਼ਕਾਂ ਲਈ ਹਰ ਸਥਾਨ ਤੇ ਨਾਟਕ ਮੰਚਨ ਦੀਆਂ ਇੱਕੋ ਜਿਹੀਆਂ ਸੁਵਿਧਾਵਾਂ ਮੌਜੂਦ ਨਹੀਂ ਹੁੰਦੀਆਂ। ਮੰਚ ਦਾ ਸੈੱਟ ਇੰਨਾ ਖਰਚੀਲਾ ਜਾਂ ਵਿਸ਼ਾਲ ਵੀ ਨਹੀਂ ਹੋਣਾ ਚਾਹੀਦਾ ਕਿ ਜਿਸ ਨੂੰ ਢੋਆ ਢੁਆਈ ਲਈ ਵਾਹਨ ਦੀ ਲੋੜ ਪਵੇ। ਅਜਿਹਾ ਕਰਨਾ ਵਿਸ਼ੇਸ਼ ਹਾਲਤਾਂ ਵਿੱਚ ਤਾਂ ਸੰਭਵ ਬਣਾਇਆ ਜਾ ਸਕਦਾ ਹੈ, ਪਰ ਆਮ ਹਾਲਤਾਂ ਵਿੱਚ ਮੁਸ਼ਕਲ ਜ਼ਰੂਰ ਹੈ। 'ਡਾਲਰ ਮੇਰਾ ਪੁੱਤਰ' ਵਿੱਚ ਸੈੱਟ ਸਜਾਉਣਾ ਕੋਈ ਵਿਸ਼ੇਸ਼ ਸਮੱਸਿਆ ਨਹੀਂ ਹੈ, ਪਰ ਇਸ ਨਾਟਕ ਦੀ ਪੇਸ਼ਕਾਰੀ ਰਾਤ ਨੂੰ ਰੋਸ਼ਨੀਆਂ ਹੇਠ ਕੀਤੀ ਜਾਵੇ ਤਾਂ ਮੰਚਨ ਜ਼ਿਆਦਾ ਸਫ਼ਲ ਹੋ ਸਕਦਾ ਹੈ।

ਪਿੰਡਾਂ ਦੇ ਦਰਸ਼ਕ, ਕਸਬਿਆਂ ਜਾਂ ਸ਼ਹਿਰਾਂ ਦੇ ਦਰਸ਼ਕਾਂ ਨਾਲੋਂ ਵੱਖਰਾ ਸੁਹਜ ਸਵਾਦ ਰੱਖਦੇ ਹਨ। ਪੇਂਡੂ ਦਰਸ਼ਕਾਂ ਲਈ ਰੂਪਕ ਪੱਖ ਇੰਨਾ ਮਹੱਤਵਪੂਰਨ ਨਹੀਂ ਹੁੰਦਾ, ਜਿੰਨਾ ਕਿਸੇ ਵਿਸ਼ੇ ਨੂੰ ਉਹਨਾਂ ਦੇ ਮੁਹਾਵਰੇ, ਰਹਿਣ ਸਹਿਣ ਅਤੇ ਰੰਗ ਢੰਗ ਵਿੱਚ ਪੇਸ਼ ਕਰਨਾ। ਨਾਟਕ ਦਾ ਪਾਠ ਕਰਨਾ ਅਤੇ ਨਾਟਕ ਮੰਚਨ ਕਰਨਾ ਦੋ ਅਸਲੋਂ ਹੀ ਵੱਖਰੇ ਕਾਰਜ ਹਨ। ਨਾਟਕਕਾਰ ਦੀ 'ਕਮਾਈ' ਵਧੇਰੇ ਸਾਰਥਿਕ ਹੁੰਦੀ ਹੈ, ਜਦ ਕਲਾਕਾਰ ਦਰਸ਼ਕਾਂ ਨਾਲ ਸਾਂਝ ਸਥਾਪਤ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ। ਮੇਰੇ ਨਾਟਕਾਂ ਵਿੱਚ ਹੁਣ ਤੱਕ ਜਿੰਨੇ ਕੁ ਕਲਾਕਾਰਾਂ ਨੇ ਭੂਮਿਕਾਵਾਂ ਨਿਭਾਈਆਂ ਹਨ, ਉਹਨਾਂ ਵਿੱਚੋਂ ਮਨਜੀਤ ਧਾਲੀਵਾਲ, ਦਲਬੀਰ ਘੁੰਮਣ, ਹਰਜਿੰਦਰ ਢਿਲਵਾਂ, ਸ਼ਿੰਦਾ ਸੁਰਿੰਦਰ, ਰਵਿੰਦਰ ਕਵੀ, ਨਵਜੋਤ, ਬਿੱਲਾ ਮਿਆਣੀ, ਅਸ਼ੋਕ ਕੁਮਾਰ, ਕਰਮਜੀਤ ਕੌਰ, ਸੰਤੋਸ਼ ਬਜਾਜ, ਪਰਮਜੀਤ ਕੌਰ, ਦਵਿੰਦਰ ਕੌਰ, ਪ੍ਰਿਮਲਜੀਤ ਅਤੇ ਕੁਲਵਿੰਦਰ ਕੌਰ ਨੇ ਜ਼ਾਨਦਾਰ ਅਭਿਨੈ ਨਾਲ ਮੇਰੇ ਨਾਟਕਾਂ ਨੂੰ ਲੋਕ-ਚਰਚਾ ਵਿੱਚ ਲਿਆਂਦਾ ਹੈ।



ਸੰਗੀਤਕਾਰ ਸਤਨਾਮ ਧਾਲੀਵਾਲ, ਗਾਇਕ ਸ਼ਿੰਦਾ ਸੁਰਿੰਦਰ ਅਤੇ ਸੁਰਜੀਤ ਸਨਮ ਨੇ ਪ੍ਰਭਾਵਸ਼ਾਲੀ ਨਾਟਕੀ ਮਾਹੌਲ ਉਸਾਰਨ ਵਿੱਚ ਅਹਿਮ ਹਿੱਸਾ ਪਾਇਆ ਹੈ। ਹਰ ਨਾਟਕਕਾਰ ਜੋ ਥੀਏਟਰ ਵੀ ਕਰਦਾ ਹੈ, ਲਈ ਇਹ ਸਮੱਸਿਆ ਦਰਪੇਸ਼ ਹੈ ਕਿ ਕਲਾਕਾਰ ਕੁੱਝ ਸਮੇਂ ਬਾਅਦ ਨਾਟਕ ਖੇਡਣਾ ਛੱਡ ਦਿੰਦੇ ਹਨ, ਕਿਉਂ ਜੋ ਨਾਟਕ ਉਹਨਾਂ ਦੀ ਮੁੱਢਲੀ ਲੋੜ ਰੋਟੀ ਦੀ ਪੂਰਤੀ ਨਹੀਂ ਕਰ ਸਕਦਾ। ਕਈ ਕਲਾਕਾਰ ਇਲੈਕਟ੍ਰੌਨਿਕ ਮੀਡੀਏ ਨਾਲ ਜੁੜਨ ਦੀ ਕੋਸ਼ਿਸ਼ ਕਰਦੇ ਹਨ। ਇੰਜ ਜਨਤਕ ਨਾਟਕ ਮੁਸ਼ਕਲਾਂ ਨਾਲ ਦੋ ਚਾਰ ਹੁੰਦਾ ਹੋਇਆ ਬਿਖੜੇ ਪੈਂਡੇ ਉਪਰ ਵੀ ਹਿੰਮਤ ਨਾਲ ਚੱਲ ਰਿਹਾ ਹੈ।

ਮੈਂ ਰਿਣੀ ਹਾਂ ਪ੍ਰਮੁੱਖ ਨਾਟਕਕਾਰ ਪ੍ਰੋ: ਅਜਮੇਰ ਸਿੰਘ ਔਲਖ ਹੁਰਾਂ ਦਾ, ਜੋ ਮੇਰੇ ਅਤੇ ਇਸ ਵਿਧਾ ਨਾਲ ਜੁੜੇ ਹਰ ਵਿਅਕਤੀ ਦੇ ਪ੍ਰੇਰਣਾ ਸਰੋਤ ਹਨ। ਨਾਟਕ ਨਾਲ ਜੁੜੇ ਲੋਕਾਂ ਨਾਲ ਇਹ ਗੱਲ ਸਾਂਝੀ ਕਰਨ ਵਿੱਚ ਮਾਣ ਮਹਿਸੂਸ ਕਰਦਾ ਹਾਂ ਕਿ ਡਾ: ਜਸਵੰਤ ਬੇਗੋਵਾਲ, ਪ੍ਰੋ: ਅਵਤਾਰ ਜੌੜਾ, ਡਾ: ਹਰਬੰਸ ਸਿੰਘ ਸਰਕਾਰੀ ਕਾਲਜ ਕਪੂਰਥਲਾ ਅਤੇ ਕਵੀ-ਕਹਾਣੀਕਾਰ ਸੁਰਿੰਦਰ ਮਕਸੂਦਪੁਰੀ ਨਾਟਕ ਬਾਰੇ ਅਖ਼ਬਾਰਾਂ/ਰਸਾਲਿਆਂ ਵਿੱਚ ਲਿਖ ਕੇ ਅਹਿਮ ਯੋਗਦਾਨ ਪਾ ਰਹੇ ਹਨ। ਕਲਾ ਮੰਚ ਬੇਗੋਵਾਲ ਕੁਲਵੰਤ ਹੁੰਦਲ, ਪ੍ਰੋ: ਜਸਵੰਤ ਸਿੰਘ, ਠੇਕੇਦਾਰ ਜਰਨੈਲ ਸਿੰਘ, ਦਵਿੰਦਰ ਸ਼ੇਰਾ, ਫਕੀਰ ਸਿੰਘ, ਰੰਗਕਰਮੀ ਵਿਦਿਆ ਸਾਗਰ, ਹਰਮਹਿੰਦਰ ਸਿੰਘ, ਬਲਕਾਰ ਸਿੰਘ, ਸੁਖਵਿੰਦਰ ਫੋਰਮੈਨ, ਸੁਖਵਿੰਦਰ ਬਿੱਲਾ, ਸੁਖਚੈਨ ਮੁਰੱਬੀਆ, ਡਾ: ਧੀਰਜ ਸਿੰਘ ਘੋਤੜਾ ਅਤੇ ਪ੍ਰੀਤਮ ਸਿੰਘ ਨੌਰੰਗਪੁਰ ਪ੍ਰਧਾਨ ਐਨ.ਆਰ.ਆਈ. ਸਭਾ ਪੰਜਾਬ ਦਾ ਵੀ ਹਾਰਦਿਕ ਧੰਨਵਾਦੀ ਹੈ ਜੋ ਥੀਏਟਰ ਨੂੰ ਪ੍ਰਫੁਲਤ ਕਰਨ ਵਿੱਚ ਨਿਰੰਤਰ ਹਿੱਸਾ ਪਾ ਰਹੇ ਹਨ।

*—ਸਤਵਿੰਦਰ ਸਿੰਘ ਬੇਗੋਵਾਲੀਆ*
ਟਾਂਡਾ ਰੋਡ, ਬੇਗੋਵਾਲ (ਕਪੂਰਥਲਾ)
ਪਿੰਨ ਕੋਡ—144 621
ਫੋਨ : 01822-248706

# ਡਾਲਰ ਮੇਰਾ ਪੁੱਤਰ

## *ਪਾਤਰ, ਜੋ ਮੰਚ ਤੇ ਆਉਂਦੇ ਹਨ*

| | |
|---|---|
| ਧੰਨਾ ਸਿੰਘ | : ਪਿੰਡ ਦਾ ਸਰਪੰਚ, ਜੋ ਬਾਅਦ ਵਿੱਚ ਸਰਪੰਚੀ ਗੁਆ ਬੈਠਦਾ ਹੈ।<br>: ਉਮਰ 70 ਸਾਲ |
| ਜੀਤੋ | : ਧੰਨੇ ਦੀ ਪਤਨੀ, 65 ਸਾਲ |
| ਅਤਰੂ | : ਪਿੰਡ ਦਾ ਕੰਮੀ, 65 ਸਾਲ |
| ਸੂਬੇਦਾਰ | : 50 ਸਾਲ |
| ਚੌਧਰੀ | : ਪਿੰਡ ਦਾ ਹਰੀਜਨ ਨੇਤਾ, 60 ਸਾਲ |
| ਅਮਰ ਸਿੰਘ | : ਪਿੰਡ ਦਾ ਬਾਅਦ ਵਿੱਚ ਚੁਣਿਆ ਜਾਣ ਵਾਲਾ ਸਰਪੰਚ, 60 ਸਾਲ |
| ਤਾਰਾ | : ਅਮਰ ਸਿੰਘ ਦਾ ਸਾਥੀ, 50 ਸਾਲ |
| ਕਸ਼ਮੀਰਾ | : ਧੰਨਾ ਸਿੰਘ ਦਾ ਵੱਡਾ ਪੁੱਤਰ, 42 ਸਾਲ |
| ਦਿਆਲ | : ਧੰਨਾ ਸਿੰਘ ਦਾ ਪੁੱਤਰ, 40 ਸਾਲ |
| ਸਿੰਦਰ ਕੌਰ | : ਦਿਆਲ ਦੀ ਪਤਨੀ, 38 ਸਾਲ |
| ਬੀਰ | : ਧੰਨਾ ਸਿੰਘ ਦਾ ਸਭ ਤੋਂ ਛੋਟਾ ਪੁੱਤਰ, 32 ਸਾਲ |
| ਬੰਤੀ | : ਸਿੰਦਰ ਕੌਰ ਦੀ ਨੌਕਰਾਣੀ |
| ਕਾਲਾ ਅਤੇ ਬਿੱਲਾ | : ਬੀਰ ਦੇ ਦੋਸਤ, ਹਰੇਕ ਦੀ ਉਮਰ ਲਗਪਗ 30 ਸਾਲ |
| ਬੰਟੀ | : ਬੀਰ ਦੀ ਪਤਨੀ, ਉਮਰ 22 ਸਾਲ |
| ਕੈਮਰਾਮੈਨ | : |

## *ਪਾਤਰ, ਜੋ ਮੰਚ ਤੇ ਨਹੀਂ ਆਉਂਦੇ*

**ਤਾਰੋ ਮੋਟੋ** : ਪਿੰਡ ਦੀ ਅੱਧਖੜ ਔਰਤ

**ਪ੍ਰੀਤੋ** : ਧੰਨੇ ਦੀ ਪੁੱਤਰੀ, 25 ਸਾਲ

**ਨੂਰਾ** : ਧੰਨੇ ਦਾ ਪੁੱਤਰ, 36 ਸਾਲ

**ਕੇਹਰੂ ਛੜਾ** : ਪਿੰਡ ਦਾ ਵੈਲੀ



## *ਦ੍ਰਿਸ਼ ਪਹਿਲਾ*

**ਸਥਾਨ** : ਧੰਨੇ ਦੇ ਘਰ ਦਾ ਵਿਹੜਾ। *(ਧੰਨਾ ਸੁਫਨੇ ਵਿੱਚ ਆਪਣੀ ਪਤਨੀ ਜੀਤੋ ਨਾਲ ਗੱਲਾਂ ਕਰ ਰਿਹਾ ਹੈ)*

**ਜੀਤੋ** : ਪਰੀਤੋ ਦੇ ਬਾਪੂ, ਕਿਵੇਂ ਰਿਹਾ

**ਧੰਨਾ** : *(ਡੂੰਘੀ ਉਦਾਸੀ ਵਿੱਚ)* ਕੁੱਛ ਨਾ ਪੁੱਛ.......

**ਜੀਤੋ** : *(ਘਬਰਾਹਟ ਵਿੱਚ)* ਦੁਸ਼ਮਣ ਜਿੱਤ ਗਏ ?

**ਧੰਨਾ** : *(ਡੂੰਘਾ ਸਾਹ ਲੈਂਦਾ ਹੋਇਆ)* ਹੂੰ......

**ਜੀਤੋ** : ਕੀ ਬਣਿਐ ਲੋਕਾਂ ਨੂੰ

**ਧੰਨਾ** : ਸਾਰਿਆਂ ਦੀ ਅਕਲ ਦਾ ਦੀਵਾਲਾ ਨਿਕਲ ਗਿਐ। ਪੈਸੇ ਖਾ ਕੇ ਤੁੱਲ ਗਏ ਸਾਰੇ.......
*(ਢੋਲ ਦੇ ਵੱਜਣ ਦੀ ਆਵਾਜ਼ ਸੁਣਾਈ ਦਿੰਦੀ ਹੈ। ਕਿਸੇ ਦੇ ਗਾਉਣ ਦੀ ਆਵਾਜ਼ ਦੇ ਨਾਲ ਨਾਲ ਲੋਕਾਂ ਦਾ ਸ਼ੋਰ ਸ਼ਰਾਬਾ ਵੀ ਸੁਣਾਈ ਦਿੰਦਾ ਹੈ)*

**ਇੱਕ ਆਵਾਜ਼** : ਬਾਗੀਂ ਬਰਸੀ ਖੱਟਣ ਨੂੰ ਘੱਲਿਆ
ਖੱਟ ਕੇ ਲਿਆਂਦਾ ਢੋਲ।

**ਬਾਕੀ ਆਵਾਜ਼ਾਂ** : ਬੱਲੇ।

**ਇੱਕ ਆਵਾਜ਼** : ਵੋਟਾਂ ਪਈਆਂ ਤਾਂ ਧੰਨੇ ਦਾ
ਤਖਤ ਗਿਆ ਡੋਲ।

**ਬਾਕੀ ਆਵਾਜ਼ਾਂ** : ਧੰਨੇ ਦਾ ਤਖ਼ਤ ਗਿਆ ਡੋਲ
ਦਿੱਤਾ ਪੈਰਾਂ ਵਿੱਚ ਰੋਲ।

**ਇੱਕ ਆਵਾਜ਼** : ਜਿੱਤ ਗਿਆ ਬਈ ਜਿੱਤ ਗਿਆ

**ਬਾਕੀ ਆਵਾਜ਼ਾਂ** : ਅਮਰ ਸਿੰਘ ਜਿੱਤ ਗਿਆ।

**ਇੱਕ ਆਵਾਜ਼** : ਕਿੰਨੀ ਵੋਟ ਤੇ ਜਿੱਤ ਗਿਆ......

**ਬਾਕੀ ਆਵਾਜ਼ਾਂ** : ਵੀਹ ਹਜ਼ਾਰ ਤੇ ਜਿੱਤ ਗਿਐ।
*(ਧੰਨਾ ਹੋਰ ਵੀ ਪਰੇਸ਼ਾਨ ਹੋ ਜਾਂਦਾ ਹੈ)*

**ਧੰਨਾ** : ਕੁੱਤਿਓ ਭੌਂਕੋ। ਕੁੱਤੇ ਭੌਂਕ ਈ ਸਕਦੇ ਨੇ। ਕਲ੍ਹ ਤੱਕ ਪੂਛ ਹਿਲੌਂਦੇ ਹਿਲੌਂਦੇ ਮੇਰੇ ਘਰ ਦੌੜੇ ਆਉਂਦੇ ਸੀ ਤੇ ਅੱਜ ਤੁਹਾਡੀ ਪੂਛ ਅਮਰ ਲੰਡੂ ਦੇ ਘਰ ਹਿੱਲ ਰਹੀ ਏ।

ਜੀਤੋ : ਭੌਂਕ ਭੂੰਕ ਕੇ ਆਪੇ ਚੁੱਪ ਹੋ ਜਾਣਗੇ ਚੁੱਲੇ 'ਚ ਪੈਣੇ।
*(ਆਵਾਜ਼ਾਂ ਹੋਰ ਵੀ ਤੇਜ਼ ਹੋ ਜਾਂਦੀਆਂ ਹਨ)*

ਇੱਕ ਆਵਾਜ਼ : ਧੰਨੇ ਦੀ ਧਨ ਧਨ ਹੋਈ

ਬਾਕੀ : ਉਹਦੀ ਜਮਾਨਤ ਜਬਤ ਹੋਈ।

ਇੱਕ ਆਵਾਜ਼ : ਧੰਨਾ ਪਿੰਡ ਛੱਡ ਜਾਵੇਗਾ।

ਬਾਕੀ : ਛਪੜੀ 'ਚ ਨੱਕ ਡੋਬ ਕੇ ਮਰ ਜਾਵੇਗਾ।

ਇੱਕ ਆਵਾਜ਼ : ਹੁਣ ਧੰਨੇ ਦਾ ਕੋਈ ਹੁਕਮ ਨਹੀਂ ਚਲਣਾ।

ਬਾਕੀ : ਧੰਨੇ ਦਾ ਹੁਣ ਸਿਵਾ ਈ ਬਲਣਾ।
*(ਧੰਨਾ ਵਿਹੜੇ ਵਿੱਚ ਬੇਚੈਨੀ ਦੀ ਹਾਲਤ ਵਿੱਚ ਘੁੰਮਣਾ ਸ਼ੁਰੂ ਕਰ ਦਿੰਦਾ ਹੈ, ਉਸ ਦਾ ਚਿਹਰਾ ਲੋਹਾ ਲਾਖਾ ਹੋਇਆ ਪਿਆ ਹੈ)*

ਧੰਨਾ : ਸਿਵਾ ਤੁਹਾਡਾ ਬਲੇ ਪਸ਼ੂ ਜਾਤ ਦਾ।

ਜੀਤੋ : ਚੱਲ ਘੜੀ ਗਮਾਣ ਕਰ ਲੈ।

ਧੰਨਾ : ਇਹ ਕਰਨ ਦਿੰਦੇ ਨੇ ਮੈਨੂੰ ਗਮਾਣ? ਹਲਕੇ ਕੁੱਤੇ ਮੈਨੂੰ ਵੱਢਣਾ ਚਾਹੁੰਦੇ ਨੇ। ਮੈਂ ਵੇਖ ਈ ਲਵਾਂ ਇਹਨਾਂ ਨੂੰ ਇਹ ਕਿੰਨੇ ਕੁ ਪਾਣੀ 'ਚ ਨੇ....
*(ਧੰਨਾ ਕਿਸੇ ਹਥਿਆਰ ਦੀ ਭਾਲ ਵਿੱਚ ਇਧਰ ਉਧਰ ਵੇਖਦਾ ਹੈ ਪਰ ਜੀਤੋ ਉਸਦੀ ਬਾਂਹ ਫੜ ਲੈਂਦੀ ਹੈ)*

ਜੀਤੋ : ਕੀ ਕਰਨ ਲੱਗਾ ਏਂ?

ਧੰਨਾ : ਬਾਹਰ ਜਿਹੜੇ ਭੂਤਰੇ ਫਿਰਦੇ ਨੇ, ਇਹਨਾਂ ਨਾਲ ਕਰ ਈ ਲਵਾਂ ਦੋ ਹੱਥ। ਕਿਧਰ ਗਈ ਮੇਰੀ ਗੰਡਾਸੀ

ਜੀਤੋ : ਮੂਰਖਾਂ ਨਾਲ ਮੂਰਖ ਤਾਂ ਨਹੀਂ ਬਨਿਆ ਜਾਂਦਾ।

ਧੰਨਾ : ਹੋਰ ਕੀ ਬਣਾਂ? ਸਿਆਣਪ ਦੀ ਬੋਲੀ ਸਮਝ ਨਹੀਂ ਪੈਂਦੀ ਇਹਨਾਂ ਜਾਂਗਲੀਆਂ ਨੂੰ।

ਜੀਤੋ : ਇਹਨਾਂ ਸਾਰਿਆਂ ਨੇ ਸ਼ਰਾਬ ਡੱਫੀ ਹੋਈ ਏ। ਤੂੰ ਚੁੱਪ ਕਰਕੇ ਅੰਦਰ ਪੈ ਜਾ, ਇਹਨਾਂ ਹੁਣੇ ਆਪਸ ਵਿੱਚ ਲੜਣ ਲੱਗ ਪੈਣੈਂ ਤੇ ਸਵੇਰ ਤੱਕ ਵੇਖੀਂ ਛੱਬੀਆਂ ਬਣੀਆਂ ਹੋਣਗੀਆਂ।
*(ਢੋਲ ਦੀ ਆਵਾਜ਼ ਅਤੇ ਲੋਕਾਂ ਦਾ ਸ਼ੋਰ ਸ਼ਰਾਬਾ ਫਿਰ ਸੁਣਾਈ ਦਿੰਦਾ ਹੈ)*

ਇੱਕ ਆਵਾਜ਼ : ਪਰਵਾਹ ਨਹੀਂ ਨਾਢੂ ਖਾਂ ਦੇ ਸਾਲੇ ਦੀ।

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਵਿਸਕੀ ਦੇ ਭਰ ਭਰ ਪੈੱਗ ਉਡਾਏ।



ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਠੇਕੇ ਤੇ ਬੱਕਰੇ ਬੁਲਾਏ।

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਬੰਦੇ ਸਾਨੂੰ ਜਾਪਣ ਕੀੜੀਆਂ।

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਦੱਸੇ ਹਾਂ ਧੰਨਾ ਉੱਚੀ ਖੰਘ ਕੇ।

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਦੁੱਕੀ ਤਿੱਕੀ ਚੁੱਕ ਦਿਆਂਗੇ।

ਬਾਕੀ : ਚੁੱਕ ਦਿਆਂਗੇ, ਚੁੱਕ ਦਿਆਂਗੇ।
*(ਧੰਨਾ ਗੁੱਸੇ ਨਾਲ ਪਾਗਲ ਜਿਹਾ ਹੋ ਜਾਂਦਾ ਹੈ)*

ਧੰਨਾ : ਕੌਣ ਚੁੱਕ ਸਕਦੈ ਮੈਨੂੰ, ਮੈਂ ਕਿਸੇ ਤੋਂ ਨਹੀਂ ਡਰਦਾ। ਮੇਰੀ ਖਲੜੀ 'ਚ ਭੋਰਾ ਡਰ ਨਹੀਂ। ਜੇ ਡਰਨਾਂ ਵਾਂ ਤਾਂ ਇੱਕ ਨੀਲੀ ਛੱਤ ਵਾਲੇ ਤੋਂ। ਸਾਲੇ ਮੇਰੇ ਮੈਨੂੰ ਦੁੱਕੀ ਤਿੱਕੀ ਬੋਲਦੇ ਨੇ। ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕੁੱਤਿਓ! ਜਮੀਰ ਹੈ ਕੋਈ ਤੁਹਾਡੀ। ਤੁਸੀਂ ਵਿੱਕ ਗਏ ਹੋ, ਮੰਡੀ ਦਾ ਵਿਕਾਊ ਮਾਲ, ਸਭ ਸਾਲੇ ਕੱਟੇ ਵੱਛੀਆਂ।
*(ਸ਼ਰਾਬੀਆਂ ਦੀਆਂ ਲਲਕਾਰੇ ਵਾਲੀਆਂ ਚੀਕਾਂ ਸੁਨਣ ਨੂੰ ਮਿਲਦੀਆਂ ਹਨ)*

ਇੱਕ ਆਵਾਜ਼ : ਸਰਦਾਰ ਅਮਰ ਸਿੰਘ ਜਿੰਦਾਬਾਦ।

ਬਾਕੀ : ਜਿੰਦਾਬਾਦ, ਜਿੰਦਾਬਾਦ।

ਇੱਕ ਆਵਾਜ਼ : ਧੰਨਾ ਸਿੰਘ ਮੁਰਦਾਬਾਦ।

ਬਾਕੀ : ਮੁਰਦਾਬਾਦ, ਮੁਰਦਾਬਾਦ।

ਇੱਕ ਆਵਾਜ਼ : ਬੁੱਢਾ ਕੁੱਕੜ......

ਬਾਕੀ : ਹਾਏ, ਹਾਏ।
*(ਧੰਨਾ ਗੁੱਸੇ ਵਿੱਚ ਗੰਡਾਸੀ ਫੜ ਲੈਂਦਾ ਹੈ, ਜੀਤੋ ਰੋਕਣ ਦੀ ਕੋਸ਼ਿਸ਼ ਕਰਦੀ ਹੈ, ਪਰ ਉਸਨੂੰ ਧੱਕਾ ਦੇ ਕੇ ਅਗਾਂਹ ਵਧਦਾ ਹੈ। ਠੇਡਾ ਖਾ ਕੇ ਡਿੱਗ ਪੈਂਦਾ ਹੈ, ਫਿਰ ਉੱਠਦਾ ਹੈ)*

ਧੰਨਾ : ਮੈਂ ਤੁਹਾਨੂੰ ਛੱਡਾਂਗਾ ਨਹੀਂ, ਬੰਦੇ ਦਾ ਪੁੱਤ ਨਾ ਬਣਾ ਕੇ ਛੱਡਿਆ ਤਾਂ ਮੈਨੂੰ ਵੀ ਲੰਬੜਦਾਰ ਬੰਤਾ ਸਿੰਘ ਦਾ ਪੁੱਤ ਨਾ ਆਖਿਓ। *(ਹਿੱਕ ਥਾਪੜ ਕੇ)* ਮੈਂ ਖਾਨਦਾਨੀ ਬੰਦਾ ਹਾਂ ਖਾਨਦਾਨੀ।

ਜੀਤੋ : ਕਿਹਦੇ ਨਾਲ ਗੱਲਾਂ ਕਰਦੇ ਪਏ ਹੋ ?

*(ਧੰਨੇ ਨੂੰ ਜਾਗ ਆ ਜਾਂਦੀ ਹੈ, ਉਹ ਹੈਰਾਨੀ ਨਾਲ ਜੀਤੋ ਵੱਲ ਵੇਖਦਾ ਹੈ, ਜਿਸ ਨੇ ਧੰਨੇ ਨੂੰ ਬਾਂਹ ਤੋਂ ਫੜਿਆ ਹੋਇਆ ਹੈ)*

ਧੰਨਾ : ਤੂੰ ?

ਜੀਤੋ : ਬਾਹਰ ਕਿਧਰ ਚੱਲੇ ਸੀ ?

ਧੰਨਾ : ਕਿਤੇ ਵੀ ਨਹੀਂ।

ਜੀਤੋ : ਬਿਸਤਰੇ ਤੋਂ ਉੱਠ ਕੇ ਬੁੜਾਉਂਦੇ ਬੁੜਾਉਂਦੇ ਬਾਹਰ ਤਾਂ ਚੱਲੇ ਸੀ.....

ਧੰਨਾ : ਬੜਾ ਭੈੜਾ ਸੁਫਨਾ ਆਇਐ।

ਜੀਤੋ : ਕਿਹਦਾ

ਧੰਨਾ : ਆਪਣਾ ਹੀ।

ਜੀਤੋ : ਕੀ ਵੇਖਿਆ ਸੁਫਨੇ 'ਚ ?

ਧੰਨਾ : ਸੁਫਨੇ ਵਿੱਚ ਅਮਰ ਲੰਡੂ ਨੇ ਇਲੈਕਸ਼ਨ ਜਿੱਤ ਲਈ। ਉਹ ਲੋਕ ਢੋਲ ਵਜਾ ਰਹੇ ਸੀ, ਭੰਗੜੇ ਪਾ ਰਹੇ ਸੀ, ਉੱਚੀ ਉੱਚੀ ਢੋਲੇ ਗਾ ਰਹੇ ਸੀ.....ਮੇਰੇ ਉਲਟ ਬੜਾ ਕੁਛ ਅਵਾ ਤਵਾ ਬਕਦੇ ਪਏ ਸੀ।

ਜੀਤੋ : ਦਿਨੇ ਵੀ ਸਰਪੰਚੀ ਦੀਆਂ ਗੱਲਾਂ ਤੇ ਰਾਤ ਨੂੰ ਵੀ। ਜਿਹੜੇ ਦਿਨ ਦਾ ਲੈਕਸ਼ਨ ਦਾ ਰੌਲਾ ਰੱਪਾ ਸ਼ੁਰੂ ਹੋਇਐ, ਸਾਨੂੰ ਨਾ ਦਿਨੇ ਟਿਕਾਈ ਤੇ ਨਾ ਰਾਤ ਨੂੰ। *(ਝਕਦੀ ਝਕਦੀ)* ਮੈਂ ਤਾਂ ਇੱਕ ਗੱਲ ਕਹਿਣੀ ਆਂ.....

ਧੰਨਾ : ਕਿਹੜੀ ਗੱਲ, ਬੋਲਦੇ ਬੋਲਦੇ ਰੁੱਕ ਕਿਉਂ ਗਈ ?

ਜੀਤੋ : ਚੱਲ ਰਹਿਣ ਦੇ, ਤੁਸਾਂ ਕਿਹੜੀ ਮੰਨਣੀ ਏ।

ਧੰਨਾ : ਮੰਨਣ ਵਾਲੀ ਹੋਈ ਤਾਂ ਜ਼ਰੂਰ ਮੰਨਾਂਗਾ।

ਜੀਤੋ : ਮੈਂ ਕਹਿਣੀ ਆਂ ਜੇ ਪੂਰੇ ਤੀਹ ਸਾਲ ਸਰਪੰਚੀ ਕਰਕੇ ਰੱਜ ਨਾ ਹੋਇਆ ਤਾਂ ਹੁਣ ਬੁਢਾਪੇ ਵਿੱਚ ਕਰਕੇ ਕਿਹੜੇ ਲੱਡੂ ਖਾ ਲਓਗੇ ?

ਧੰਨਾ : ਤੂੰ ਮੈਨੂੰ ਮੱਤਾਂ ਦੇ ਰਹੀ ਏਂ ?

ਜੀਤੋ : ਮੈਂ ਤਾਂ ਦੋਵੇਂ ਹੱਥ ਜੋੜ ਤਰਲਾ ਮਾਰ ਰਹੀ ਆਂ ਸਰਪੰਚੀ ਨੂੰ ਮਾਰੋ ਗੋਲੀ ਤੇ ਪਿਛਲੀ ਉਮਰੇ ਘੜੀ ਰਮਾਣ ਵੀ ਕਰ ਲਓ। ਮੈਂ ਤੁਹਾਡੇ ਪੈਰੀਂ ਪੈਂਦੀ ਆਂ, ਤੁਸੀਂ ਆਹ ਗੱਲ ਜ਼ਰੂਰ ਮੰਨ ਲਓ।

ਧੰਨਾ : ਤੇਰਾ ਮਤਲਬ ਏ ਮੈਂ ਸੁੱਕੀ ਮਾਲੀ ਅਮਰੂ ਲੰਡੂ ਦੇ ਹੱਥ ਫੜਾ ਦਿਆਂ ?

ਜੀਤੋ : ਤੇ ਹੋਰ ਕੀ ? ਕਿਹੜੇ ਆਪਾਂ ਖਰੋਟ ਖਾ ਲਏ ਇਸ ਚੁੱਲ੍ਹੇ 'ਚ ਪੈਣੀ ਸਰਪੰਚੀ 'ਚੋਂ।



ਧੰਨਾ : ਹੂੰ, ਤੂੰ ਗੱਲ ਕਰਕੇ ਖੋਤਾ ਈ ਖੂਹ 'ਚ ਸੁੱਟ ਦਿਤੈ। ਪੂਰੇ ਇਲਾਕੇ ਵਿੱਚ ਮੇਰੀ ਬੱਲੇ ਬੱਲੇ ਵੇ ਤਾਂ ਸਰਪੰਚੀ ਕਰਕੇ। ਸਰਕਾਰੇ ਦਰਬਾਰੇ ਮੇਰੀ ਚਲਦੀ ਏ ਤਾਂ ਸਰਪੰਚੀ ਕਰਕੇ। ਦਫਤਰਾਂ ਦੇ ਬਊ ਕੁਰਸੀ ਛੱਡ ਕੇ ਖੜ੍ਹੇ ਹੋ ਜਾਂਦੇ ਨੇ ਮੇਰੇ ਸਾਹਮਣੇ। ਅਜੇ ਪਿਛਲੇ ਮਹੀਨੇ ਤੇਰੇ ਲੋਫਰ ਭਤੀਜੇ ਨੂੰ ਠਾਣੇ ਵਾਲਿਆਂ ਫੜਿਆ ਸੀ, ਅਗਲੇ ਲੱਗੇ ਸੀ ਮੁਰਗਾ ਬੁਨੌਣ ਤੇ ਉੱਤੋਂ ਮੈਂ ਪਹੁੰਚ ਗਿਆ। ਘੜੀ 'ਚ ਉਹਦੀ ਖੁਲਾਸੀ ਹੋਈ ਸੀ ਤਾਂ ਮੇਰੀ ਸਰਪੰਚੀ ਕਰਕੇ ਹੀ।

ਜੀਤੋ : ਤੁਸੀਂ ਸਰਪੰਚੀ ਛੱਡ ਵੀ ਦਿਓ ਤਾਂ ਵੀ ਤੁਹਾਡੀ ਟੌਹਰ 'ਚ ਭੋਰਾ ਫਰਕ ਨਹੀਂ ਪੈਣਾ।

ਧੰਨਾ : ਮੂੰਹ ਨਹੀਂ ਚੰਗਾ ਤਾਂ ਗੱਲ ਈ ਚੰਗੀ ਕਰ ਛੱਡਿਆ ਕਰ।

ਜੀਤੋ : *(ਇਤਰਾਜ਼ ਕਰਦੀ ਹੋਈ)* ਮੇਰੇ ਮੂੰਹ ਦਾ ਹੁਣ ਖਿਆਲ ਆਇਐ ਬੁੱਢੇ ਵਾਰੇ। ਮੁੰਡੇ ਸਾਰੇ ਵਿਆਹੇ ਗਏ, ਇੱਕ ਵਿਆਹਣੋਂ ਰਹਿ ਗਿਆ ਮੇਰਾ ਬੀਰ ਤੇ ਛੋਟੀ ਪਰੀਤੋ। ਬੰਦਾ ਕੁੜਮਾਂ ਵਾਲਾ ਹੋ ਜੇ ਤਾਂ ਗੱਲ ਸੋਚ ਕੇ ਕਰਨੀ ਚਾਹੀਦੀ ਏ।

ਧੰਨਾ : ਚੱਲ ਬਹੁਤੀ ਬੱਕ ਬੱਕ ਨਾ ਕਰ।

ਜੀਤੋ : ਮੇਰੀ ਨੇਕ ਸਲਾਹ ਵੀ ਬੱਕ ਬੱਕ ਲੱਗੀ ਤੁਹਾਨੂੰ। ਸਿਆਣੇ ਕਹਿੰਦੇ ਨੇ ਉਹ ਬੰਦਾ ਈ ਕਾਇਦਾ ਜਿਹਨੇ ਵਕਤ ਨਾ ਵਿਚਾਰਿਆ।

ਧੰਨਾ : ਵਕਤ ਨੂੰ ਕਿਹੜਾ ਸੱਪ ਸੁੰਘ ਗਿਐ। ਮੈਂ ਕਈ ਲੜਾਈਆਂ ਲੜੀਆਂ, ਕਦੇ ਪਿੱਠ ਨਹੀਂ ਵਿਖਾਈ। ਅੱਜ ਤਾਈਂ ਮੈਂ ਹਰ ਲੜਾਈ ਫਤਿਹ ਕੀਤੀ ਏ ਡੰਕੇ ਦੀ ਚੋਟ ਤੇ। ਮੈਂ ਆਪਣੇ ਵਿਰੋਧੀਆਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਸਾਰੀ ਉਮਰ। ਜਿਹੜਾ ਅੜ੍ਹਿਆ ਉਹੀ ਝੜ੍ਹਿਆ।

ਜੀਤੋ : ਉਹ ਵਕਤ ਹੋਰ ਸੀ। ਲੰਘ ਗਏ ਚੰਗੇ ਜਮਾਨੇ ਜਦੋਂ ਬੰਦੇ ਦੀ ਗੱਲ ਦਾ ਮੁੱਲ ਪੈਂਦਾ ਸੀ। ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ।

ਧੰਨਾ : *(ਸੱਚੀ ਗੱਲ ਸੁਣ ਕੇ ਦੁੱਖ ਮਹਿਸੂਸ ਕਰਦਾ ਹੋਇਆ)* ਵਕਤ ਮੇਰਾ ਨਹੀਂ ਕਰ ਸਕਦਾ ਵਾਲ ਵੀ ਵਿੰਗਾ। ਮੈਂ ਜਿੱਥੇ ਖੜ੍ਹ ਜਾਵਾਂ, ਵਕਤ ਵੀ ਉਥੇ ਖੜ੍ਹ ਜਾਂਦੈ। ਮੇਰਾ ਜਿਧਰ ਜੀਅ ਕੀਤਾ, ਵਕਤ ਦੀਆਂ ਵਾਗਾਂ ਮੋੜਦਾ ਰਿਹਾਂ।

ਜੀਤੋ : ਮੈਨੂੰ ਤਾਂ ਪਹਿਲਾਂ ਈ ਤਬਾਰ ਨਹੀਂ ਸੀ ਕਿ ਮੇਰੀ ਗੱਲ ਮੰਨ ਲਓਗੇ। ਸਾਰੀ ਉਮਰ ਨਾ ਮੰਨੀ ਤਾਂ ਹੁਣ ਕਿਵੇਂ ਮੰਨ ਲਓਗੇ।

ਬੰਦਾ ਤੇ ਜਨਾਨੀ ਇੱਕ ਦੂਜੇ ਦੀ ਮੰਨ ਕੇ ਨਾ ਚੱਲਣ ਤਾਂ ਖਤਾ ਈ ਖਾਣੀ ਪੈਂਦੀ ਏ।

ਧੰਨਾ : ਕਰਤੀ ਨਾ ਆਪਣੇ ਪਿਓ ਵਾਲੀ ਗੱਲ। ਤੂੰ ਮੇਰੇ ਨਾਲ ਵਿਆਹੀ ਨਾ ਗਈ ਹੁੰਦੀ ਤਾਂ ਤੈਨੂੰ ਕੌਣ ਸਰਪੰਚਣੀ ਕਹਿੰਦਾ?

ਜੀਤੋ : ਸਰਪੰਚਣੀ ਬਣ ਕੇ ਕਿਹੜਾ ਘੁੰਗਰੂ ਲੱਗ ਗਏ ਮੇਰੇ? ਲੋਕਾਂ ਦਾ ਮੇਲਾ ਲੱਗਾ ਰਹਿੰਦਾ ਰਿਹੈ ਘਰ 'ਚ। ਉਹਨਾਂ ਦੇ ਜੂਠੇ ਭਾਂਡੇ ਮਾਂਜ-ਮਾਂਜ ਉਮਰ ਕੱਢਤੀ। ਹੁਣ ਵਿਚਾਰੀ ਪਰੀਤੋ ਨੂੰ ਲਾਈ ਏ ਸੇਵਾ ਐਰੇ ਗੈਰੇ ਦੀ ਜੂਠ ਮਾਂਜਣ ਦੀ। ਘਰ ਦੇ ਸਿੜੀ ਸਿਆਪੇ ਕਰਕੇ ਤਾਂ ਉਹ ਪੜ੍ਹ ਵੀ ਨਾ ਸਕੀ।

ਧੰਨਾ : ਜੇ ਮੇਰੇ ਘਰ ਵੱਡੇ ਵੱਡੇ ਚੌਧਰੀ ਆਉਂਦੇ ਰਹੇ ਤਾਂ ਟੌਹਰ ਤੇਰਾ ਈ ਬਣਦਾ ਸੀ। ਕਿਹੜੇ ਘਰ ਵਜੀਰ ਆਉਂਦੈ? ਵਜੀਰ ਨਾਲ ਫੋਟੋ ਅਖ਼ਬਾਰ 'ਚ ਲੱਗੀ ਸੀ ਮੇਰੀ ਤੇ ਤੇਰੀ, ਸਾਰੀ ਦੁਨੀਆਂ ਨੇ ਵੇਖੀ। ਘਰ ਘਰ ਗੱਲਾਂ ਹੋਈਆਂ ਤੇ ਤੂੰ ਫਿਰ ਵੀ ਖੁਸ਼ ਨਾ ਹੋਈ। ਅੰਨ੍ਹਾ ਕੀ ਜਾਣੇ ਬਸੰਤ ਦੀ ਬਹਾਰ। ਬਾਕੀ ਮੇਰੀ ਪਰੀਤੋ ਤਾਂ ਪੁੱਤਾਂ ਤੋਂ ਵੀ ਵੱਧ ਪਿਆਰੀ ਏ। ਉਹਦੇ ਲਈ ਮੈਂ ਕਨੇਡਾ ਦਾ ਮੁੰਡਾ ਢੂੰਡ ਲਿਐ, ਸਾਰੀ ਉਮਰ ਐਸ਼ ਕਰੇਗੀ।

ਜੀਤੋ : ਅੱਜ ਤਾਈਂ ਉਹਦੇ ਨਹੁੰਆਂ 'ਚੋਂ ਸਵਾਹ ਨਾ ਨਿਕਲੀ। ਵਿਆਹ ਹੋਣ ਪਿੱਛੋਂ ਕੀ ਹੋਊ ਕੌਣ ਜਾਣੇ?

*(ਧੰਨੇ ਦੇ ਘੁਰਾੜੇ ਮਾਰਨ ਦੀ ਆਵਾਜ਼ ਆਉਂਦੀ ਹੈ)*

ਸੌਂ ਗਿਐਂ? ਇਹ ਵੀ ਚੰਗਾ ਹੋਇਆ ਜਿਹੜੀ ਅੱਖ ਲੱਗ ਗਈ ਇਹਦੀ, ਘੜੀ ਟਿਕ ਜਾਏਗਾ ਹੁਣ।

*(ਜੀਤੋ ਉੱਠ ਕੇ ਅੰਦਰ ਚਲੀ ਜਾਂਦੀ ਹੈ, ਧੰਨੇ ਦਾ ਸੁਫਨਾ ਫਿਰ ਸ਼ੁਰੂ ਹੋ ਜਾਂਦਾ ਹੈ। ਸੁਫਨੇ ਵਿੱਚ ਉਹਦੇ ਵਿਰੋਧੀਆਂ ਦੀਆਂ ਆਵਾਜ਼ਾਂ ਫਿਰ ਸੁਨਣ ਨੂੰ ਮਿਲਦੀਆਂ ਹਨ)*

ਇੱਕ ਆਵਾਜ਼ : ਦੇਰ ਸੀ ਪਰ ਨਹੀਂ ਸੀ ਅੰਧੇਰ

ਬਾਕੀ : ਗਿੱਦੜ ਗਿਆ ਤੇ ਆਇਆ ਸ਼ੇਰ।

ਇੱਕ ਆਵਾਜ਼ : ਰੱਬ ਦੀ ਹੁਣ ਹੋਈ ਮੇਹਰ

ਬਾਕੀ : ਗਿੱਦੜ ਗਿਆ ਤੇ ਆਇਆ ਸ਼ੇਰ।

ਇੱਕ ਆਵਾਜ਼ : ਅਮਰੀਕਾ ਤੋਂ ਡਾਲਰ ਆਏ

ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਦਾਰੂ ਦੇ ਗੱਫੇ ਲਵਾਏ



ਬਾਕੀ : ਪਰਵਾਹ ਨਹੀਂ, ਪਰਵਾਹ ਨਹੀਂ।

ਇੱਕ ਆਵਾਜ਼ : ਧੰਨਾ ਸਿੰਘ ਦਾਲ ਖਾਏ

ਬਾਕੀ : ਅਮਰ ਸਿੰਘ ਮੱਛੀ ਖਵਾਏ।

ਇੱਕ ਆਵਾਜ਼ : ਧੰਨਾ ਸਿੰਘ ਭੁੱਖ ਵਿਖਾਏ

ਬਾਕੀ : ਅਮਰ ਸਿੰਘ ਬੱਕਰੇ ਝਟਕਾਏ।

*(ਧੰਨਾ ਸਿੰਘ ਪਸੀਨੋ ਪਸੀਨੀ ਹੋਇਆ ਮੰਜੇ ਤੋਂ ਉੱਠਦਾ ਹੈ)*

ਧੰਨਾ : ਭੁੱਖਾ ਮੈਂ ਨਹੀਂ, ਭੁੱਖ ਨੰਗ ਦੇ ਛੁੱਫੜ ਤੁਸੀਂ ਹੋ ਤੁਸੀਂ। ਮੈਂ ਤੀਹ ਸਾਲ ਸਰਪੰਚੀ ਕੀਤੀ ਏ ਪੂਰੇ ਤੀਹ ਸਾਲ ਕੁੱਟ ਕੇ।

*(ਧੰਨਾ ਸਿੰਘ ਨੂੰ ਜਾਗ ਆ ਜਾਂਦੀ ਹੈ ਪਰ ਉਸ ਦੇ ਕੰਨਾਂ ਵਿੱਚ ਕੁੱਝ ਆਵਾਜ਼ਾਂ ਅਜੇ ਵੀ ਗੂੰਜ ਰਹੀਆਂ ਹਨ)*

ਧੰਨਾ : *(ਆਪਣੇ ਆਪ ਨੂੰ)* ਮੈਂ ਅਜੇ ਵੀ ਸਰਪੰਚ ਆਂ ਪਿੰਡ ਦਾ। ਇਵੇਂ ਦੇ ਸੁਫਨੇ ਮੇਰੀ ਸਰਪੰਚੀ ਨਹੀਂ ਖੋਹ ਸਕਦੇ। ਇਲਾਕੇ ਦਾ ਮੰਨਿਆ ਪਰਮੰਨਿਆ ਬੰਦਾ ਵਾਂ। ਕੋਈ ਐਰਾ ਗੈਰਾ ਨੱਥੂ ਖੈਰਾ ਨਹੀਂ। ਅੱਜ ਤਾਈਂ ਮੈਂ ਕਿਸੇ ਨੂੰ ਉੱਠਣ ਨਹੀਂ ਦਿੱਤਾ। ਮੈਂ ਪਿੰਡ ਦਾ ਸਰਪੰਚ ਆਂ ਵੱਟੇ ਵਰਗਾ ਪੱਕਾ।

*(ਧੰਨੇ ਦਾ ਇੱਕ ਸਾਥੀ ਅਤਰੂ ਆਉਂਦਾ ਹੈ ਜੋ ਧੰਨਾ ਸਿੰਘ ਨੂੰ ਆਪਣੇ ਆਪ ਨਾਲ ਗੱਲਾਂ ਕਰਦਾ ਸੁਣ ਲੈਂਦਾ ਹੈ)*

ਅਤਰੂ : ਸਰਪੰਚਾ, ਕਦੇ ਚੁੱਪ ਵੀ ਕਰ ਜਾਇਆ ਕਰ।

ਧੰਨਾ : ਆ ਅਤਰੂ, ਤੂੰ ਚੰਗੇ ਵੇਲੇ ਆ ਗਿਐਂ। ਤੈਨੂੰ ਵੇਖ ਕੇ ਮਨ ਨੂੰ ਕੁੱਝ ਧਰਵਾਸ ਜਿਹਾ ਹੋ ਜਾਂਦੈ।

ਅਤਰੂ : *(ਹੈਰਾਨੀ ਵਿੱਚ)* ਕਿਉਂ ਸੁੱਖ ਤਾਂ ਹੈ ਨਾ?

ਧੰਨਾ : *(ਸਾਹ ਲੈਂਦਾ ਹੋਇਆ)* ਤੂੰ ਮੇਰਾ ਜਿਗਰੀ ਯਾਰ ਏਂ। ਸਿਆਣੇ ਠੀਕ ਈ ਕਹਿੰਦੇ ਨੇ ਯਾਰ ਖੁਸ਼ੀ ਦੇ ਮੌਕੇ ਹਾਜ਼ਰ ਹੋਵੇ ਤਾਂ ਖੁਸ਼ੀ ਦੂਣੀ ਹੋ ਜਾਂਦੀ ਏ ਤੇ ਗਮੀ ਵਿੱਚ ਅੱਖਾਂ ਸਾਹਮਣੇ ਆ ਜਾਏ ਤਾਂ ਗਮੀ ਅੱਧੀ ਰਹਿ ਜਾਂਦੀ ਏ।

ਅਤਰੂ : ਪਰ ਗੱਲ ਕੀ ਏ?

ਧੰਨਾ : ਚਿੱਤ ਕੁੱਝ ਉਖੜਿਆ ਉਖੜਿਆ ਰਹਿੰਦੈ। ਜਿੱਦਣ ਦਾ ਇਲੈਕਸ਼ਨ ਦਾ ਐਲਾਨ ਹੋਇਐ, ਰਾਤ ਨੂੰ ਸੁਫਨੇ ਬੜੇ ਭੈੜੇ ਆਉਂਦੇ ਨੇ। ਅਤਰੂ, ਤੂੰ ਦੱਸ ਭਲਾ ਸੁਫਨੇ ਸੱਚ ਹੋ ਸਕਦੇ ਨੇ?

ਅਤਰੂ : ਮੈਂ ਕਿਹੜਾ ਜੋਗੀ ਜਲੰਧਰ ਨਾਥ ਆਂ ਜਿਹੜਾ ਇਹ ਦੱਸ ਸਕਾਂ ਸੁਫਨਿਆਂ ਦਾ ਜ਼ਿੰਦਗੀ ਨਾਲ ਕੀ ਲੈਣਾ ਦੇਣਾ ਹੁੰਦੈ।

ਧੰਨਾ : ਮੈਂ ਛੇ ਇਲੈਕਸ਼ਨਾਂ ਜਿੱਤੀਆਂ, ਕਦੇ ਪਹਿਲਾਂ ਮੈਨੂੰ ਏਦਾਂ ਦੇ ਮਾੜੇ ਸੁਫਨੇ ਨਾ ਆਏ।

ਅਤਰੂ : ਸਰਪੰਚਾ, ਐਤਕਾਂ ਹਵਾ ਈ ਚੰਦਰੀ ਕੁੱਝ ਉਲਟੀ ਪੁਲਟੀ ਹੋਈ ਫਿਰਦੀ ਏ। ਸਭ ਉੱਲੂ ਦੇ ਪੱਠੇ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਦੇ ਨੇ।

ਧੰਨਾ : *(ਉਦਾਸੀ ਵਿੱਚ)* ਭਲਾ ਮੈਂ ਕੋਈ ਡੁੱਬਦਾ ਸੂਰਜ ਆਂ ?

ਅਤਰੂ : ਮੈਂ ਤਾਂ ਨਹੀਂ ਕਹਿੰਦਾ, ਲੋਕ ਪਏ ਬਕਦੇ ਨੇ। ਮਸਾਲੇ ਲਾ-ਲਾ ਸਾਲੇ ਮੈਨੂੰ ਵੀ ਸੁਣਾ ਸੁਣਾ ਕਹਿੰਦੇ ਨੇ ਧੰਨੇ ਦੀ ਬੇੜੀ ਡੁੱਬੀ ਸਮਝੋ। ਤਾਰਾ ਕਾਣਾ ਈ ਨਹੀਂ ਮਾਣ, ਜਿਹੜੀ ਗੱਲ ਮੂੰਹੋਂ ਕਢਦੈ, ਤਨ ਮਨ ਈ ਸਾੜ ਕੇ ਸਵਾਹ ਕਰ ਦਿੰਦੈ। ਮੇਰਾ ਤਾਂ ਦਿਲ ਕਰਦੈ ਉਹਦੇ ਸਿਰ 'ਚ ਮਾਰ ਕੇ ਸੋਟਾ ਉਹਦੇ ਵਾਲਾ ਕੀਰਤਨ ਸੋਹਲਾ ਪੜ੍ਹ ਈ ਦਿਆਂ।

ਧੰਨਾ : ਮੈਂ ਹੈਰਾਨ ਆਂ ਲੋਕਾਂ ਨੂੰ ਬਣਿਆ ਕੀ ? ਤਾਰਾ ਕਾਣਾ ਆਪਣੀ ਔਕਾਤ ਨਹੀਂ ਵੇਖਦਾ। ਇਹਦਾ ਮੁੱਲ ਏ ਇੱਕ ਬੋਤਲ ਸ਼ਰਾਬ ਦੀ। ਬੋਤਲ ਵਿਖਾਓ ਤੇ ਉਹਨੂੰ ਜਿਧਰ ਮਰਜੀ ਲੈ ਜਾਓ।

ਅਤਰੂ : ਸਾਰੇ ਸਾਬ੍ਹ ਈ ਉਲਟੇ ਪੁਲਟੇ ਕਰਤੇ ਅਮਰੀਕਾ ਦੇ ਡਾਲਰਾਂ ਨੇ। ਇਹਨਾਂ ਡਾਲਰਾਂ ਨੇ ਕੱਖ ਤੋਂ ਲੱਖ ਕਰ ਦਿੱਤੇ ਲੋਕ। ਜਿਹਨਾਂ ਲੋਕਾਂ ਨੂੰ ਬਾਹਰਲੀ ਕਮਾਈ ਔਂਦੀ ਪਈ ਏ, ਉਹ ਤਾਂ ਬੰਦੇ ਨੂੰ ਬੰਦਾ ਈ ਨਹੀਂ ਸਮਝਦੇ। ਤੇਰੇ ਮੁਕਾਬਲੇ ਅਮਰ ਸਿੰਘ ਹੈ ਕੀ ? ਉਹਨੂੰ ਚਾਰ ਬੰਦਿਆਂ 'ਚ ਗੱਲ ਨਹੀਂ ਆਉਂਦੀ। ਪੱਗ ਉਹਨੂੰ ਬੰਨਣੀ ਨਹੀਂ ਆਉਂਦੀ ਤੇ ਸੁਫਨੇ ਲੈਂਦਾ ਪਿਐ ਸਰਪੰਚੀ ਦੇ।

ਧੰਨਾ : ਫਰਕ ਤਾਂ ਸਾਰਾ ਬਾਹਰਲੇ ਡਾਲਰਾਂ ਨੇ ਪਾਇਐ। ਸਿਆਣਿਆਂ ਠੀਕ ਈ ਕਿਹੈ ਜਿਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ।

ਅਤਰੂ : ਅਮਰ ਸਿੰਘ ਦੇ ਅਮਰੀਕਾ ਵਾਲੇ ਮੁੰਡੇ ਨੇ ਪੈਸੇ ਭੇਜ ਭੇਜ ਕੇ ਉਹਦੇ ਘਰ ਦੀ ਗਰੀਬੀ ਕੱਢਤੀ। ਕਦੇ ਉਹਦੇ ਘਰ ਭੰਗ ਭੁਜਦੀ ਹੁੰਦੀ ਸੀ, ਦੋ ਡੰਗ ਰੋਟੀ ਦਾ ਆਟਾ ਨਹੀਂ ਸੀ ਹੁੰਦਾ ਉਹਦੇ ਕੋਲ। ਹੁਣ ਉਹੀ ਅਮਰ ਸਿੰਘ ਹਾਰੀ ਸਾਰੀ ਨੂੰ ਗਾਜਰ ਮੂਲੀ ਸਮਝੀ ਫਿਰਦੈ।

ਧੰਨਾ : ਅਪਣਾ ਛੋਟਾ ਬੀਰ ਤਾਂ ਨਿਕੰਮਾ ਈ ਨਿਕਲਿਆ। ਪੰਡ ਰੁਪਿਆਂ ਦੀ ਲਾ ਕੇ ਉਹਨੂੰ ਭੇਜਿਆ ਅਮਰੀਕਾ 'ਚ। ਜਿੰਨੀ ਰਕਮ ਉਹਨੂੰ ਭੇਜਣ ਤੇ ਖਰਚ ਤੀ, ਉਨੀ ਨਹੀਂ ਵਾਪਸ ਮੋੜੀ ਉਸ। ਜੇ ਉਹ



ਵੀ ਕਮਾਈਆਂ ਕਰਦਾ ਅਮਰੂ ਦੇ ਮੁੰਡੇ ਵਾਂਗੂੰ, ਅੱਜ ਮੇਰੀ ਇਹ ਹਾਲਤ ਨਾ ਹੁੰਦੀ।

ਅਤਰੂ : ਸਰਪੰਚਾ, ਮੁੰਡਾ ਤਾਂ ਤੇਰਾ ਵੀ ਕਮਾਈ ਘੱਟ ਨਹੀਂ ਕਰਦਾ, ਪਰ ਕਮਾਈ ਤੇਰੇ ਕੋਲ ਨਹੀਂ ਆ ਰਹੀ ਉਹਦੀ।

ਧੰਨਾ : *(ਹੈਰਾਨੀ ਵਿੱਚ)* ਉਹਦੀ ਕਮਾਈ ਕਿਧਰ ਜਾ ਰਹੀ ਏ ?

ਅਤਰੂ : ਤੈਨੂੰ ਨਹੀਂ ਪਤਾ ?

ਧੰਨਾ : ਪਤਾ ਹੁੰਦਾ ਤਾਂ ਪੁੱਛਦਾ ਈ ਕਿਉਂ। *(ਕਾਹਲਾ ਪੈਂਦਾ ਹੋਇਆ)* ਅਤਰੂ, ਤੂੰ ਜਲਦੀ ਦੱਸ ਉਹਦੀ ਕਮਾਈ ਕਿਹੜੇ ਹਨੇਰ ਖਾਤੇ ਵਿੱਚ ਜਾਂਦੀ ਪਈ ਏ ?

ਅਤਰੂ : ਮੈਂ ਨਹੀਂ ਦੱਸਦਾ। ਲੋਕਾਂ ਕਹਿਣੈਂ ਅਤਰੂ ਨੇ ਆਪਣੇ ਯਾਰ ਦੇ ਘਰ ਲੜਾਈ ਪਵਾ ਦਿੱਤੀ ਏ।

ਧੰਨਾ : *(ਖਿੱਝ ਕੇ)* ਤੂੰ ਸਾਰੀ ਗੱਲ ਮੇਰੇ ਪੱਲੇ ਪਾ। ਮੈਂ ਤੇਰਾ ਨਾਂ ਨਹੀਂ ਲੈਂਦਾ ਕਿਸੇ ਅੱਗੇ ਵੀ....

ਅਤਰੂ : ਖਾ ਮੇਰੀ ਕਸਮ।

ਧੰਨਾ : ਤੇਰੀ ਕਸਮ ਯਾਰ ਤੂੰ ਦੱਸ.....

ਅਤਰੂ : ਬੀਰ ਦੀ ਕਮਾਈ ਜਾਂਦੀ ਪਈ ਏ ਸਿੰਦਰ ਕੌਰ ਦੇ ਘਰ।

ਧੰਨਾ : ਕਿਹੜੀ ਸਿੰਦਰ ਕੌਰ ਕੋਲ ? ਕਿਤੇ ਮੇਰੀ ਨੂੰਹ.....

ਅਤਰੂ : ਆਹੋ, ਉਹਨਾਂ ਦੇ ਗੁਆਂਢੀ ਨਿੰਮੇ ਨੇ ਦੱਸਿਆ ਸੀ। ਮੈਂ ਤੇ ਨਿੰਮਾ ਦਾਰੂ ਪੀਂਦੇ ਪਏ ਸੀ ਅੱਡੇ ਤੇ। ਉਹ ਦਾਰੂ ਵਿੱਚ ਈ ਦੱਸ ਗਿਐ।

ਧੰਨਾ : *(ਕਾਹਲੀ ਨਾਲ)* ਬਦਮਾਸ਼ ਜਨਾਨੀ ਨੇ ਮੁੰਡਾ ਪੱਟਤਾ।

ਅਤਰੂ : ਬਦਮਾਸ਼ ਬੰਦਾ ਬਦਮਾਸ਼ੀ ਨਾ ਕਮਾਏ ਤਾਂ ਹੋਰ ਪੁੰਨ ਕਰੇ। ਸਰਪੰਚਾ, ਕਸੂਰ ਤੇਰਾ ਏ।

ਧੰਨਾ : ਮੇਰਾ ਕਸੂਰ ?

ਅਤਰੂ : ਆਹੋ, ਤੂੰ ਈ ਆਪਣੇ ਦਿਆਲ ਦਾ ਰਿਸ਼ਤਾ ਧੱਕੇ ਨਾਲ ਮੀਆਂਪੁਰ ਦੇ ਸਰਪੰਚ ਦੀ ਲਾਡਲੀ ਧੀ ਸਿੰਦਰ ਕੌਰ ਨਾਲ ਕੀਤਾ ਸੀ। ਕਦੋਂ ਮੰਨਦਾ ਸੀ ਤੇਰਾ ਮੁੰਡਾ ? ਦਿਆਲ ਬਥੇਰਾ ਰੌਲਾ ਪਾਂਦਾ ਸੀ ਕਿ ਆਹ ਕੁੜੀ ਤੁਰਤੂ ਫਿਰਤੂ ਏ ਪਰ ਤੂੰ ਸੁਣੀ ਇੱਕ ਵੀ ਉਹਦੀ ? ਉਲਟਾ ਧਮਕੀ ਦੇ ਮਾਰੀ ਜੇ ਆਹ ਰਿਸ਼ਤਾ ਨਾ ਕੀਤਾ ਤਾਂ ਮੈਂ ਜਹਿਰ ਖਾ ਕੇ ਮਰ ਜਾਵਾਂਗਾ।

ਧੰਨਾ : ਉਹ ਤਾਂ ਮੈਂ ਮੀਆਂਪੁਰ ਦੇ ਸਰਪੰਚ ਨੂੰ ਜੁਬਾਨ ਜੁ ਦੇ ਬੈਠਾ ਸੀ। ਸਰਪੰਚ ਆਪ ਤਾਂ ਬੜਾ ਭਲਾ ਬੰਦਾ ਸੀ.....

ਅਤਰੂ : ਤੇ ਉਹਦੀਆਂ ਕੁੜੀਆਂ ਆਪ ਮੁਹਾਰੀਆਂ। ਚੌਧਰੀ ਲੋਕ ਸਾਰਾ ਦਿਨ ਬਾਹਰ ਤੁਰੇ ਫਿਰਦੇ ਨੇ ਲੋਕਾਂ ਦੇ ਫੈਸਲੇ ਕਰਾਉਣ। ਮਗਰੋਂ ਨਿਆਣੇ ਅਪਣੀ ਜਿੰਦਗੀ ਦੇ ਫੈਸਲੇ ਆਪ ਈ ਕਰਨ ਬਹਿ ਜਾਂਦੇ ਨੇ। ਤੈਨੂੰ ਤਾਂ ਲੈ ਕੇ ਬਹਿ ਗਿਆ ਤੀਹ ਹਜ਼ਾਰ ਕੈਸ਼। ਉਦੋਂ ਕਹਿੰਦਾ ਸੀ—ਮੁੰਡੇ ਦਾ ਵਿਆਹ ਕੀਤੈ, ਦੋ ਤੋਹਫੇ ਮਿਲ ਗਏ—ਇੱਕ ਨੂੰਹ ਤੇ ਦੂਜਾ ਪੰਡ ਨੋਟਾਂ ਦੀ।

ਧੰਨਾ : ਪਰ ਹੁਣ ਕੀ ਹੋ ਸਕਦੈ?

ਅਤਰੂ : ਉੱਖਲੀ 'ਚ ਸਿਰ ਦਿੱਤੈ ਹੁਣ ਮੋਹਲਿਆਂ ਦਾ ਕਾਹਦਾ ਡਰ।

ਧੰਨਾ : ਹਰਾਮਜਾਦੀ ਨੇ ਪਹਿਲਾਂ ਤਾਂ ਦਿਆਲ ਨੂੰ ਪਤਾ ਨਹੀਂ ਕਿਹੜੇ ਤਵੀਤ ਪਾ ਦਿੱਤੇ, ਉਹ ਤਾਂ ਘੁੰਨ ਵੱਟਾ ਜਿਹਾ ਹੋ ਗਿਆ। ਹੁਣ ਉਸ ਚੁੜੇਲ ਨੇ ਛੋਟੇ ਬੀਰ ਤੇ ਡੋਰੇ ਪਾ ਲਏ।

ਅਤਰੂ : ਸਰਪੰਚਾ, ਸੱਚ ਪੁੱਛੇਂ ਤੇਰੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਤੇਰੀ ਏਸ ਨੂੰਹ ਨੇ। ਤੇਰੇ ਦੁਸ਼ਮਣਾਂ ਨੂੰ ਏਸ ਜਨਾਨੀ ਨੇ ਆਪਣੇ ਘਰ ਬਿਠਾ ਬਿਠਾ ਸ਼ਰਾਬਾਂ ਪਿਆਈਆਂ ਤੇ ਕੁੱਕੜ ਤਲ ਤਲ ਖਵਾਏ। ਡਾਲਰ ਭੇਜ ਰਿਹੈ ਬੀਰ ਤੇ ਗੁਲਛਰੇ ਉਡਾ ਰਹੀ ਏ ਆਹ ਜਨਾਨੀ ਤੇ ਉਹਦੇ ਮਨ ਪਸਿੰਦ ਲੋਕ। ਤੇਰੀ ਚੌਧਰ ਨੂੰ ਅੱਜ ਜੇ ਖਤਰਾ ਪਿਐ ਤਾਂ ਸਿਰਫ ਤੇਰੀ ਏਸ ਨੂੰਹ ਕਰਕੇ।

ਧੰਨਾ : ਹੂੰ, ਆਪਣਾ ਘਰ ਕੈਮ ਹੋਵੇ ਤਾਂ ਦੁਸ਼ਮਣ ਕੀ ਵਿਗਾੜ ਸਕਦੈ। ਨੂੰਹ ਬੜੀ ਮੂੰਹ ਫੱਟ ਏ, ਕੀ ਕਰਾਂ?

ਅਤਰੂ : ਕੁੱਝ ਨਾ ਕਰ। ਹਵਾ 'ਚ ਤੀਰ ਛੱਡਣ ਦਾ ਕੀ ਫੈਦਾ। ਦੂਜਾ ਹੁਣ ਜਵਾਨੀ ਵਾਲੀ ਗੱਲ ਨਹੀਂ ਰਹੀ। ਸਰਪੰਚਾ, ਹੁਣ ਤਾਂ ਜਿਵੇਂ ਸਿਆਣੇ ਕਹਿੰਦੇ ਨੇ : ਪਿੱਪਲ ਦੇ ਪੱਤਿਆ ਵੇ ਕਿਉਂ ਖੜ ਖੜ ਲਾਈ ਏ, ਪੱਤ ਝੜੇ ਪੁਰਾਣੇ ਵੇ ਰੁੱਤ ਨਵਿਆਂ ਦੀ ਆਈ ਏ।

ਧੰਨਾ : ਬੁਢਾਪਾ ਤਾਂ ਹੈ ਈ ਸਿਆਪਾ।

ਅਤਰੂ : ਦਿਲ ਕਿਉਂ ਛਡਦੈਂ, ਜੋ ਹੋਇਆ ਸੋ ਵੇਖੀ ਜਾਏਗੀ। ਤਕੜਾ ਹੋ ਬੱਗਾ ਸ਼ੇਰ, ਮੈਂ ਤੇਰੇ ਨਾਲ ਆਂ। ਤੂੰ ਆਪਣੇ ਭਰਾਵਾਂ ਤੇ ਮੁੰਡਿਆਂ ਨੂੰ ਕੱਠੇ ਕਰ। ਆਂਢੀਆਂ ਗੁਆਂਢੀਆਂ ਨੂੰ ਸੱਦ ਲਵੀਂ, ਸਲਾਹ ਮਸ਼ਵਰਾ ਚੰਗਾ ਹੁੰਦੈ। ਚਾਰ ਵੋਟਾਂ ਘਰੋਂ ਤੁਰਨਗੀਆਂ ਤਾਂ ਹੀ ਚਾਰ ਰਾਹ ਵਿੱਚੋਂ ਰਲਣਗੀਆਂ।

ਧੰਨਾ : ਸਲਾਹ ਤੇਰੀ ਨੇਕ ਏ। ਤੂੰ ਆ ਗਿਐਂ ਮਨ ਦਾ ਭਾਰ ਕੁਝ ਹੌਲਾ ਹੋ



ਗਿਐ। ਮੇਰਾ ਇਹ ਅਖੀਰਲਾ ਘੋਲ ਏ ਜੋ ਮੈਂ ਹਰ ਹਾਲ ਜਿੱਤਣਾ ਚਾਹੁੰਣਾ, ਨਹੀਂ ਤਾਂ ਸਾਰੀ ਚੌਧਰ ਮਿੱਟੀ ਘੱਟੇ ਰੁਲ ਜਾਵੇਗੀ।

ਅਤਰੂ : ਸਰਪੰਚਾ, ਐਤਕਾਂ ਰਾਹ ਜਾਂਦੇ ਬਾਜੀ ਹੱਥ ਨਹੀਓਂ ਔਣੀ, ਜ਼ੋਰ ਪੂਰਾ ਲਾਉਣਾ ਪਊ। ਬਾਕੀ ਮੈਂ ਵੀ ਸਾਰੀ ਤਾਕਤ ਲਾ ਦਿਆਂਗਾ ਭਾਵੇਂ ਮੇਰਾ ਸਾਥ ਮੁਲਾਂ ਦੀ ਦੌੜ ਮਸੀਤ ਵਾਲਾ ਈ ਏ।

ਧੰਨਾ : ਕਈ ਵਾਰ ਤਿਨਕੇ ਦਾ ਆਸਰਾ ਵੀ ਬੰਦੇ ਦੀ ਡੁੱਬਦੀ ਬੇੜੀ ਬੰਨੇ ਲਾ ਦਿੰਦੈ.....

ਅਤਰੂ : ਪਿਛਲੀਆਂ ਲੈਕਸ਼ਨਾਂ ਵਿੱਚ ਮੈਂ ਕਿੰਨਾ ਕੰਮ ਕੀਤਾ, ਪਰ ਹੁਣ ਕੁਛ ਜਮਾਨਾ ਈ ਬਦਲ ਗਿਐ। ਕਈ ਵਾਰ ਤਾਂ ਇੰਜ ਜਾਪਦੈ ਬਈ ਅਸੀਂ ਵਾਧੂ ਈ ਜਮੀਨ ਤੇ ਤੁਰੇ ਫਿਰਦੇ ਆਂ। ਹੁਣ ਖੇਡ ਹੋ ਗਈ ਪੈਸੇ ਦੀ.....ਸਿਆਣਪ ਦਾ ਮੁੱਲ ਨਹੀਂ ਪੌਂਦੇ ਲੋਕ। ਯਾਰ, ਤੂੰ ਫਿਰ ਵੀ ਹੌਂਸਲਾ ਨਾ ਛੱਡੀ। *(ਚਲਾ ਜਾਂਦਾ ਹੈ)*

ਧੰਨਾ : *(ਜਾਂਦੇ ਹੋਏ ਨੂੰ)* ਆ ਜਾਇਆ ਕਰ ਲੰਘਦਾ ਲੰਘਦਾ।
*(ਧੰਨਾ ਡੂੰਘੀ ਸੋਚ ਵਿੱਚ ਗੁਆਚਿਆ ਹੋਇਆ ਹੈ, ਉਸ ਦਾ ਚਿਹਰਾ ਹਾਰੇ ਹੋਏ ਵਿਅਕਤੀ ਵਾਂਗ ਹੈ, ਉਸਦੇ ਕੰਨਾਂ ਵਿੱਚ ਕਈ ਆਵਾਜ਼ਾਂ ਗੂੰਜਦੀਆਂ ਹਨ)*

**ਇੱਕ ਆਵਾਜ਼** : ਦਾਰੂ ਨਾਲ ਕੁੱਕੜ ਉਡਾਏ
ਧੰਨਾ ਸਿੰਘ ਦਾਲ ਖਾਏ।

**ਦੂਜੀ ਆਵਾਜ਼** : ਅਮਰੀਕਾ ਤੋਂ ਡਾਲਰ ਆਏ।
ਪਰਵਾਹ ਨਹੀਂ, ਪਰਵਾਹ ਨਹੀਂ।

**ਅਤਰੂ ਦੀ ਆਵਾਜ਼** : ਪਿੱਪਲ ਦੇ ਪੱਤਿਆ ਵੇ ਕਿਉਂ ਖੜ ਖੜ ਲਾਈ ਏ
ਪੱਤ ਝੜੇ ਪੁਰਾਣੇ ਵੇ ਰੁੱਤ ਨਵਿਆਂ ਦੀ ਆਈ ਏ।
*(ਹਨੇਰਾ ਹੋ ਜਾਂਦਾ ਹੈ)*

# *ਦ੍ਰਿਸ਼ ਦੂਜਾ*

*(ਅਮਰ ਸਿੰਘ, ਸੂਬੇਦਾਰ ਅਤੇ ਚੌਧਰੀ ਇੱਕ ਥੜ੍ਹੇ ਤੇ ਬੈਠੇ ਹਨ। ਇੱਕ ਪਾਸੇ ਸੂਬੇਦਾਰ, ਵਿਚਕਾਰ ਅਮਰ ਸਿੰਘ ਅਤੇ ਦੂਜੇ ਪਾਸੇ ਚੌਧਰੀ ਬੈਠਾ ਹੈ)*

**ਸੂਬੇਦਾਰ** : ਸੁਣੋ ਸੁਣੋ, ਜੈਸੇ ਤੁਹਾਨੂੰ ਪਤਾ ਈ ਹੈ ਪੰਚੈਤ ਕੇ ਚੁਨਾਵ ਹੋਣੇ ਜਾ ਰਹੇ ਨੇ। ਹਰ ਮੈਨ, ਵੂਮੈਨ ਨੇ ਅਪਣੀ ਅਪਣੀ ਵੋਟ ਡਾਲਨੀ ਹੈ। ਵੋਟ ਕੀ ਬੜੀ ਇੰਮਪਾਰਟੈਂਸ ਹੈ, ਯਾਨੀ ਗੱਲ ਹੈ। ਜੈਂਟਲ ਬੰਦਾ ਚੁਣੋਗੇ ਤਾਂ ਅੱਛੇ ਕਾਮ ਚਲਣਗੇ। ਲੇਜ਼ੀ ਬੰਦਾ ਚੁਣੋਗੇ ਤਾਂ ਪਰੋਗਰੈੱਸ ਮੱਠੀ ਹੋਏਗੀ। ਸਟੂਪਿਡ ਬੰਦਾ ਆਗੇ ਕਰੋਗੇ ਤੋ ਵਾਈਲਡ ਰੂਲ ਚੱਲੇਗਾ। ਸਾਰਿਆਂ ਦੀ ਨੌਲਿਜ ਵਿੱਚ ਇਹ ਬਾਤ ਹੈ ਕਿ ਅਪਣੇ ਪਿੰਡ ਕੀ ਕੰਡੀਸ਼ਨ ਬੜੀ ਖਰਾਬ ਚੱਲ ਰਹੀ ਹੈ, ਨੋ ਡੌਟ.....

**ਚੌਧਰੀ** : *(ਕੱਟਦੇ ਹੋਏ)* ਸਾਹ ਤਾਂ ਲੈ ਲੈ ਸੂਬੇਦਾਰਾ ਜਰਾ ਕੁ। ਹੱਛਾ ਬਈ, ਗੱਲ ਹਾਅ ਵਾ ਕਿ ਸਾਡੀਆਂ ਗਲੀਆਂ ਨਾਲੀਆਂ ਚੋਂ ਕੋਈ ਬੋਅ ਆਉਂਦੀ ਵਾ, ਕੋਈ ਬੋਅ ਆਉਂਦੀ ਵਾ, ਬੰਦਾ ਤਾਂ ਕੀ ਹੈਥੇ ਤਾਂ ਜਾਨਵਰ ਵੀ ਨਾ ਰਹਿਣ।

**ਸੂਬੇਦਾਰ** : ਆਲ ਰਾਈਟ। ਸਾਰੇ ਪਰਸਨ ਚੌਧਰੀ ਕੀ ਬਾਤ ਮਾਈਂਡ 'ਚ ਰੱਖੋ। ਇਟ ਇਜ਼ ਸੈੱਡ, ਕਲੀਨਲੀਨੈੱਸ ਇਜ਼ ਨੈਕਸਟ ਨੂੰ ਗਾਡਲੀਨੈੱਸ। ਹਮਾਰਾ ਕਰਨਲ ਬੋਲਦਾ ਹੁੰਦਾ ਸੀ ਕਿ ਸਫਾਈ ਮੇਂ ਹੀ ਖੁਦਾਈ ਹੈ। ਸੋ ਸਾਰਾ ਗਾਂਵ ਯਾਨੀ ਪਿੰਡ ਪੈਰਾਡਾਈਜ਼ ਬਣ ਜੇ, ਸਵਰਗ ਬਣ ਜੇ, ਇਹ ਸਰਦਾਰ ਅਮਰ ਸਿੰਘ ਕੀ ਅਮਬਿਸ਼ਨ ਹੈ, ਇੱਛਾ ਹੈ ਜੋ ਸਰਪੰਚੀ ਕੀ ਇਲੈਕਸ਼ਨ ਫਾਈਟ ਕਰ ਰਹੇ ਨੇ। ਔਰ ਜਿਹੜੀ ਬਾਤ ਚੌਧਰੀ ਜੀ ਬੋਲ ਰਹੇ ਥੇ.....ਕਿਹੜੀ ਬਾਤ ਸੀ ਚੌਧਰੀ ?

**ਚੌਧਰੀ** : *(ਰੋਸ ਪ੍ਰਗਟ ਕਰਦੇ ਹੋਏ)* ਤੂੰ ਗੱਲ ਈ ਭੁਲਾ ਛੱਡੀ ਆ ਸੂਬੇਦਾਰਾ। ਤੇਰੀ ਮਸ਼ੀਨ ਤੇ ਜਦ ਪਟਾ ਚੜ੍ਹ ਜਾਂਦੈ, ਫਿਰ ਨਹੀਂ ਤੂੰ ਟੈਮ ਦਿੰਦਾ ਕਿਸੇ ਨੂੰ ਬੋਲਣ ਦਾ *(ਗੱਲ ਚੇਤੇ ਕਰਨ ਦੀ ਕੋਸ਼ਿਸ਼ ਕਰਦਾ ਹੋਇਆ)*



ਗੱਲ ਕਿਹੜੀ ਸੀ.....

*(ਸੂਬੇਦਾਰ ਅਤੇ ਚੌਧਰੀ ਦੀਆਂ ਗੱਲਾਂ ਤੋਂ ਖਿੱਝ ਕੇ ਤਾਰਾ ਥੜ੍ਹੇ ਤੇ ਚੜ੍ਹ ਜਾਂਦਾ ਹੈ)*

**ਤਾਰਾ** : ਬਾਕੀ ਦੀਆਂ ਗੱਲਾਂ ਛੱਡੋ, ਦਿਲ ਸਾਫ਼ ਹੋਣਾ ਚਾਹੀਦੈ। ਪਿਆਰੀ ਸਾਧ ਸੰਗਤ ਜੀ, ਸੂਬੇਦਾਰ ਵੀ ਬੋਲਦਾ ਪਿਆ ਸੀ ਤੇ ਚੌਧਰੀ ਨੂੰ ਵੀ ਮੌਕਾ ਮਿਲਿਆ। ਦੋਵਾਂ ਦੀਆਂ ਸ਼ੁਰਲੀਆਂ ਚਲਣਗੀਆਂ। ਪਰ ਮੈਂ ਵਿੰਹਦਾ ਪਿਆਂ ਬੰਦੇ ਉਬਾਸੀਆਂ ਲੈਂਦੇ ਪਏ ਨੇ ਤੇ ਅਸੀਂ ਤੁਹਾਡਾ ਪੂਰਾ ਖਿਆਲ ਰੱਖਿਐ। ਸਾਧ ਸੰਗਤ ਜੀ, ਹੁਣ ਵਿਸਕੀ ਦੇ ਪੈੱਗ ਸਾਡੇ ਬਹਿਰੇ ਤੁਹਾਡੇ ਕੋਲ ਪਹੁੰਚਾ ਰਹੇ ਨੇ। ਸਹੁੰ ਰੱਬ ਦੀ, ਸ਼ਰਾਬ ਬੜੀ ਏ। ਸਰਦਾਰ ਅਮਰ ਸਿੰਘ ਦੇ ਅਮਰੀਕਾ ਆਲੇ ਮੁੰਡੇ ਨੇ ਟੈਲੀਫ਼ੂਨ ਕਰ ਕੇ ਕਹਿ ਦਿੱਤੈ—ਭਾਪਾ, ਨਵ੍ਹਾ ਦੇ ਸਾਰਾ ਪਿੰਡ ਸ਼ਰਾਬ 'ਚ। ਦਸ ਹਜ਼ਾਰ ਡਾਲਰ ਕੱਠਾ ਈ ਘੱਲ ਦਿੱਤੇ ਮੁੰਡੇ ਨੇ। ਉਹਦੇ ਨਾਂ ਦਾ ਜੈਕਾਰਾ ਛੱਡ ਦਿਓ—ਅਮਰੀਕਾ ਵਾਲਾ ਮੁੰਡਾ ਜਿੰਦਾਬਾਦ......

**ਬਾਕੀ** : ਜਿੰਦਾਬਾਦ, ਜਿੰਦਾਬਾਦ।

**ਤਾਰਾ** : ਸਰਦਾਰ ਅਮਰ ਸਿੰਘ ਜਿੰਦਾਬਾਦ।

**ਬਾਕੀ** : ਜਿੰਦਾਬਾਦ, ਜਿੰਦਾਬਾਦ।

**ਚੌਧਰੀ** : *(ਪੈੱਗ ਪੀਂਦਾ ਹੋਇਆ)* ਸਰਪੰਚ ਅਮਰ ਸੂੰ ਜਿੰਦਾਬਾਦ ਕਹੋ ਬਈ।

**ਸੂਬੇਦਾਰ** : ਨੋ, ਪਹਿਲੇ ਸਰਪੰਚ ਇਲੈਕਟ ਹੋਣੇ ਦੋ, ਫਿਰ ਚਲੇਗਾ ਸਰਪੰਚ ਅਮਰ ਸਿੰਘ ਲੌਂਗ ਲਿਵ ਯਾਨੀ ਜਿੰਦਾਬਾਦ।

**ਚੌਧਰੀ** : ਸਰਪੰਚ ਤਾਂ ਬਣ ਈ ਗਿਐ, ਹਜੇ ਵੀ ਕੋਈ ਕਸਰ ਬਾਕੀ ਰਹਿ ਗਈ ਆ।

**ਸੂਬੇਦਾਰ** : ਚੌਧਰੀ, ਪੈੱਗ ਲਿਮਟ 'ਚ ਖਿਚਣਾ। ਅਦਰਵਾਈਜ਼ ਔਰ ਨਾ ਕਿਤੇ ਨਾਲੀ ਸੇ ਉਠਾਣਾ ਪਵੇ।

**ਚੌਧਰੀ** : ਸੂਬੇਦਾਰਾ, ਹੋਸ਼ ਨਾਲ ਬੋਲ।

**ਸੂਬੇਦਾਰ** : ਆਈ ਐਮ ਟਾਕਿੰਗ ਸੈਨਸ।

**ਚੌਧਰੀ** : ਤੂੰ ਹਾਅ ਅੰਗਰੇਜ਼ੀ ਜਿਹੀ ਸਾਂਭ ਕੇ ਰੱਖ। ਟੈਂ ਟੈਂ ਕਰਨ ਵਾਲਾ ਕਿਥੋਂ ਆ ਗਿਆ ਵੱਡਾ ਅੰਗਰੇਜ਼। ਦੇਸੀ ਕੁੱਤੀ ਤੇ ਵਲੈਤੀ ਚੀਕਾਂ।

**ਸੂਬੇਦਾਰ** : ਮੈਂ ਤੋ ਅਮਰ ਸਿੰਘ ਨੂੰ ਗਾਈਡ ਕਰ ਰਿਹਾਂ ਕਿ ਇਲੈਕਸ਼ਨ ਕੈਸੇ ਜੀਤੀ ਜਾ ਸਕਦੀ ਏ। ਮੈਂ ਆਰਮੀ 'ਚ ਬੜੀ ਬੜੀ ਬੈਟਲਸ ਜੀਤੀਆਂ।

**ਚੌਧਰੀ** : ਸੂਬੇਦਾਰਾ ਗੱਪਾਂ ਛੱਡ ਤੇ ਪੈੱਗ ਚੱਕ।

**ਸੂਬੇਦਾਰ** : ਚੌਧਰੀ, ਇਹ ਵਿਸਕੀ ਏ। ਤੂੰ ਡਰਿੰਕ ਕਰਦਾ ਰਿਹੈਂ ਰੂੜੀ ਮਾਰਕਾ। ਬੈਸਟ ਵਿਸ਼ਜ ਦੇ ਉਸ ਬਾਹਰਲੇ ਮੁੰਡੇ ਕੋ, ਜਿਹਦੇ ਡਾਲਰਾਂ ਕਰਕੇ ਲੋਕ ਵਿਸਕੀ ਡਰਿੰਕ ਕਰ ਰਹੇ ਨੇ।

**ਚੌਧਰੀ** : *(ਰੂੜੀ ਮਾਰਕਾ ਸ਼ਬਦ ਤੋਂ ਖਿੱਝ ਕੇ)* ਸੂਬੇਦਾਰਾ, ਕੀ ਬਕਵਾਸ ਕਰੀ ਜਾਂਦੈ। ਮੈਂ ਜਾਣਦਾਂ ਤੂੰ ਕਿੰਨੇ ਕੁ ਪਾਣੀ 'ਚ ਹੈ ਵੇਂ।

**ਸੂਬੇਦਾਰ** : ਤੂੰ ਨਹੀਂ ਜਾਣਤਾ ਕਿਤਨੇ ਕਿਤਨੇ ਸਿਪਾਹੀ, ਹਵਾਲਦਾਰ ਤੇ ਔਰ ਲੋਗ ਮੇਰੇ ਅੰਡਰ ਕਾਮ ਕਰਦੇ ਰਹੇ।

**ਚੌਧਰੀ** : ਮੈਂ ਸਿਪਾਹੀ ਨਹੀਂ, ਮੈਂ ਚੌਧਰੀ ਆਂ ਆਪਣੇ ਮੁਹੱਲੇ ਦਾ। ਤੂੰ ਮੇਰੀ ਤਾਕਤ ਨਹੀਂ ਜਾਣਦਾ ਸੂਬੇਦਾਰਾ।

**ਸੂਬੇਦਾਰ** : ਸੂਬੇਦਾਰ ਹਰ ਕਿਸੀ ਕੀ ਪਾਵਰ ਤੋਂ ਵਾਕਿਫ ਏ। ਤੇਰੇ ਜੈਸੇ ਆਦਮਿਉਂ ਕੋ ਪਿੱਠੂ ਲਗਾਨਾ ਚਾਹੀਦੈ।

**ਚੌਧਰੀ** : *(ਅਣਸੁਣੀ ਕਰਦਾ ਹੋਇਆ)* ਅਪਣਾ ਪਾਹੜੂ ਬਿੰਦੀ ਠੀਕ ਈ ਕਹਿੰਦਾ ਸੀ ਬਈ ਫੌਜੀ ਮੈਂਟਲ ਹੁੰਦੇ ਆ।

**ਸੂਬੇਦਾਰ** : ਜਿਸ ਬੰਦੇ 'ਚ ਕੋਈ ਟੇਲੈਂਟ ਹੁੰਦੈ, ਵਹੀ ਸੂਬੇਦਾਰ ਦਾ ਰੈਂਕ ਪਾ ਸਕਦੈ। ਸਿਪਾਹੀ, ਹਵਲਦਾਰ ਭੀ ਤੇਰੇ ਜੈਸੇ ਡੰਗਰੋਂ ਸੇ ਕਹੀਂ ਜ਼ਿਆਦਾ ਬੁੱਧੀ ਰੱਖਦੇ ਹੈਂ।

**ਚੌਧਰੀ** : ਬੁੱਧੀ ਦਾ ਫੌਜੀਆਂ ਕੋਲ ਕੀ ਕੰਮ ? ਤੁਸੀਂ ਲੋਕ ਹਮਕੋ ਤੁਮਕੋ ਹੀ ਮਾਰ ਸਕਦੇ ਹੋ। ਤੁਸੀਂ ਕੀ ਜਾਣੋ ਦੁਨੀਆਂ ਕਿਥੇ ਦੀ ਕਿਥੇ ਪਹੁੰਚ ਗਈ ਵਾ। ਸਰਕਾਰ ਫੌਜੀ ਨੂੰ ਕਹਿੰਦਾ ਵਾ—ਫੌਜੀਆ! ਡਮਾਕ ਹੈਥੇ ਰੱਖ ਤੇ ਪੈਨਸ਼ਨ ਚੱਕ।

**ਬਾਕੀ** : *(ਹੱਸਦੇ ਹੋਏ)* ਨਹੀਂ ਰੀਸਾਂ ਚੌਧਰੀ ਦੀਆਂ।

**ਸੂਬੇਦਾਰ** : *(ਗਰਮ ਹੁੰਦਾ ਹੋਇਆ)* ਖੋਤੋਂ ਕੋ ਖੋਤੇ ਕੀ ਬਾਤ ਅੱਛੀ ਲੱਗੇਗੀ, ਕਿਸੀ ਬੁੱਧੀ ਵਾਲੇ ਦੀ ਨਹੀਂ।

**ਚੌਧਰੀ** : ਫੌਜੀਆਂ ਦਾ ਹਾਅ ਸਾਬ੍ਹ ਆ ਬਈ ਕਹਿਣਾ ਮੋੜਨਾ ਨਹੀਂ, ਡੱਕਾ ਤੋੜਨਾ ਨਹੀਂ ਤੇ ਅੰਨ ਛੋੜਨਾ ਨਹੀਂ।

*(ਬਾਕੀ ਹੱਸਦੇ ਹਨ)*

**ਤਾਰਾ** : ਤੁਸੀਂ ਕਿੱਥੇ ਸਿੰਗ ਫਸਾ ਕੇ ਬਹਿ ਗਏ ਹੋ। ਸਾਲਿਆਂ ਨੇ ਵਿਆਹ 'ਚ ਬੀ ਦਾ ਲੇਖਾ ਪਾ ਲਿਐ। ਮੇਰੀ ਗੱਲ ਸੁਣੋ ਧਿਆਣ ਨਾਲ, ਬਈ ਸ਼ਰਾਬ ਬੜੀ, ਪੀਣੀ ਏ ਰੋੜਣੀ ਨਹੀਂ। ਨਾ ਈ ਪੰਗਾ ਲੈਣੈਂ ਆਪਸ 'ਚ। ਬਾਹਰਲੇ ਮੁੰਡੇ ਨੇ ਕਿਹੈ ਸਰਦਾਰ ਅਮਰ ਸਿੰਘ ਨੂੰ- ਭਾਪਾ, ਰੋਜ ਸ਼ਾਮਾਂ ਨੂੰ ਲੰਗਰ ਲਾਈ ਰੱਖ ਵਿਸਕੀ ਦਾ। ਉਹ



ਕਹਿੰਦੈ-ਡਾਲਰ ਹੋਰ ਭੇਜ ਦਿਆਂਗਾ। ਮੁੰਡਿਓ! ਮੱਛੀ ਆ ਰਹੀ ਏ, ਸਿੱਧੇ ਹੋ ਕੇ ਡਹਿ ਪਉ।

*(ਬਹਿਰੇ ਤਲੀ ਮੱਛੀ ਲੈ ਕੇ ਆਉਂਦੇ ਹਨ, ਚੌਧਰੀ, ਸੂਬੇਦਾਰ ਤੇ ਅਮਰ ਸਿੰਘ ਕੁੱਛ ਟੁਕੜੇ ਚੁੱਕ ਲੈਂਦੇ ਹਨ)*

**ਚੌਧਰੀ** : *(ਮੱਛੀ ਖਾਂਦਾ ਹੋਇਆ)* ਮੱਛੀ ਚੰਗੀ ਤਲੀ ਹੋਈ ਵਾ।

**ਸੂਬੇਦਾਰ** : ਫਾਈਨ ਫਿਸ਼, ਇੱਕ ਦਮ ਅੱਛੀ ਏ, ਕੋਈ ਕੰਪਲੇਟ ਨਹੀਂ।

**ਤਾਰਾ** : ਇਹ ਦਰਿਆਈ ਮੱਛੀ ਏ ਬਿਆਸ ਦਰਿਆ ਦੀ, ਤੁਹਾਡੇ ਲਈ ਸਰਦਾਰ ਅਮਰ ਸਿੰਘ ਨੇ ਸਪੈਸ਼ਲ ਮੰਗਵਾਈ। ਜਦ ਤਾਈਂ ਅਮਰ ਸਿੰਘ ਦੇ ਗਲ 'ਚ ਹਾਰ ਨਹੀਂ ਪੈ ਜਾਂਦੇ, ਰੋਜ਼ ਇਵੇਂ ਈ ਮੇਲਾ ਲੱਗਿਆ ਕਰੂ। ਸਾਧ ਸੰਗਤ ਜੀ, ਕਹਿੰਦੇ ਨੇ ਜੇ ਰੱਬ ਦਿੰਦਾ ਏ ਤਾਂ ਛੱਪੜ ਫਾੜ ਕੇ। ਇਕ ਵਾਰ ਛੱਡ ਦਿਓ ਜੈਕਾਰਾ-ਸਰਦਾਰ ਅਮਰ ਸਿੰਘ ਜਿੰਦਾਬਾਦ।

**ਬਾਕੀ** : ਜਿੰਦਾਬਾਦ, ਜਿੰਦਾਬਾਦ।

**ਤਾਰਾ** : ਧੰਨਾ ਸਿੰਘ ਮੁਰਦਾਬਾਦ।

**ਬਾਕੀ** : ਮੁਰਦਾਬਾਦ, ਮੁਰਦਾਬਾਦ।

**ਚੌਧਰੀ** : ਸਰਦਾਰ ਅਮਰ ਸਿੰਹਾਂ, ਹਾਅ ਤੂੰ ਕਮਾਲ ਈ ਕਰਤੀ।

**ਅਮਰ ਸਿੰਘ** : ਕਾਹਦੀ ਕਮਾਲ ਹੋ ਗਈ ਚੌਧਰੀ ?

**ਚੌਧਰੀ** : ਹਾਅ ਮੱਛੀ ਵਾਲੀ। ਹੁਣ ਖਾਣ ਪੀਣ ਕੱਠਾ ਚੱਲੂ ਤਾਂ ਸ਼ਰਾਬ ਵੀ ਤੰਗ ਨਾ ਕਰੂ। ਸੁੱਕੀ ਪੀ ਪੀ ਤਾਂ ਬੰਦਾ ਊਈਂ ਹੱਡ ਖੋਰ ਲੈਂਦੈ ਸਹੁਰੀ ਦੇ।

**ਅਮਰ ਸਿੰਘ** : ਕੋਈ ਨਹੀਂ ਚੌਧਰੀ, ਮੁੰਡਾ ਜੀਂਦਾ ਰਹੇ ਜਿਹੜਾ ਹੱਡ ਭੰਨ ਕੇ ਬਾਹਰ ਕੰਮ ਕਰਦੈ। ਇੱਕ ਦਿਨ ਦਾ ਡੇਢ ਸੌ ਡਾਲਰ ਕਮਾਉਂਦੈ।

**ਚੌਧਰੀ** : ਲਾਦ ਹੋਏ ਤਾਂ ਅਮਰ ਸਿਹੁ ਦੇ ਅਮਰੀਕਾ ਆਲੇ ਮੁੰਡੇ ਅਰਗੀ। ਨਲੈਕ ਲਾਦ ਹੋਣ ਨਾਲੋਂ ਤਾਂ ਬੰਦਾ ਔਂਤਰਾ ਈ ਚੰਗੈ। ਅਮਰੀਕਾ ਆਲੇ ਮੁੰਡੇ ਨੇ ਕਿਹਾ ਹੋਣੈਂ—ਭਾਪਾ, ਵਿਸਕੀ ਨਾਲ ਮੱਛੀ ਚਲਾਈਂ।

**ਅਮਰ ਸਿੰਘ** : ਆਹੋ ਚੌਧਰੀ, ਮੁੰਡਾ ਹੈ ਈ ਬੜ੍ਹਾ ਸਿਆਣਾ ਏ। ਕਹਿੰਦੈ-ਭਾਪਾ ਰੋੜ੍ਹ ਦੇ ਪਾਣੀ ਆਂਗੂੰ ਪੈਸਾ ਤੇ ਸਰਪੈਂਚੀ ਜ਼ਰੂਰ ਕੁੱਟਣੀ ਏ। ਤੂੰ ਆਪ ਈ ਦੱਸ ਇਵੇਂ ਦੀ ਮੱਛੀ ਭਲਾ ਸਰਪੰਚ ਧੰਨਾ ਸਿੰਘ ਨੇ ਕਦੇ ਸ਼ਰਾਬ ਨਾਲ ਰੱਖੀ ਏ ?

**ਸੂਬੇਦਾਰ** : ਇਮਪਾਸੀਬਲ, ਉਹਨੇ ਕਦੇ ਟੇਸਟ ਨਹੀਂ ਕੀਤਾ ਐਸੀ ਫਿਸ਼ ਦਾ।

**ਤਾਰਾ** : ਧੰਨਾ ਸਿੰਹੁ ਦੇ ਚਲਦੈ ਸ਼ਰਾਬ ਨਾਲ ਚਿੱਟਾ ਕੁਕੜ। ਪਹਿਲਾਂ

ਗਟਗਟ ਕਰਦਾ ਹਾੜ੍ਹਾ ਸੁੱਟੋ ਰੂੜੀ ਮਾਰਕੇ ਦਾ ਤੇ ਫਿਰ ਧੰਨਾ ਕਹਿੰਦੈ-ਹੁਣ ਲਉ ਚਿੱਟਾ ਕੁੱਕੜ ਤੇ ਅਪਣਾ ਰਸਤਾ ਨਾਪੋ।

ਸੂਬੇਦਾਰ : ਚੀਟਾ ਕੁੱਕੜ ਯਾਨੀ ਵਾਈਟ ਕਾਕ ?

ਚੌਧਰੀ : *(ਮਖੌਲ ਨਾਲ)* ਸੂਬੇਦਾਰਾ, ਜਰਾ ਤੇਰੀ ਸੂਬੇਦਾਰੀ ਦੀ ਪਰਖ ਕਰੀਏ ?

ਸੂਬੇਦਾਰ : ਤੁਨੇ ਕਆ ਮੇਰੀ ਸੂਬੇਦਾਰੀ ਪਰਖਣੀ ਏ ਯਾਨੀ ਟੈਸਟ ਕਰਨੀ ਏ। ਗੌਰਮਿੰਟ ਨੇ ਟੈਸਟ ਕਰਕੇ ਈ ਸੂਬੇਦਾਰ ਦਾ ਰੈਂਕ ਲਾਇਆ ਥਾ।

ਚੌਧਰੀ : ਗੌਰਮਿੰਟ ਨੂੰ ਛੱਡ। ਤੈਨੂੰ ਹੁਣੇ ਪਰਖ ਲੈਂਦੇ ਆਂ ਇੱਕ ਛੋਟੀ ਜਿਹੀ ਗੱਲ ਪੁੱਛ ਕੇ। ਤੂੰ ਹਾਅ ਦਸ ਬਈ ਚਿੱਟਾ ਕੁੱਕੜ ਕਿਹੜੀ ਬਲਾ ਦਾ ਨਾਂ ਵੇ ?

ਸੂਬੇਦਾਰ : ਯੇ ਭੀ ਭਲਾ ਕੋਈ ਕੁਐਸ਼ਚਨ ਯਾਨੀ ਸਵਾਲ ਏ ?
*(ਬਾਕੀ ਹੱਸਦੇ ਹਨ)*

ਚੌਧਰੀ : ਲਉ ਬਈ ਉੱਡਗੇ ਸੂਬੇਦਾਰ ਦੇ ਫਿਊਜ਼।
*(ਬਾਕੀ ਫਿਰ ਹੱਸਦੇ ਹਨ)*

ਸੂਬੇਦਾਰ : ਖੋਤੇ ਹੱਸਦੇ ਹੈਂ ਲਾਫ, ਲਾਫ, ਲਾਫ। ਕਿਸ ਬੇਵਕੂਫ ਨੂੰ ਚੀਟੇ ਕੁਕੜ ਦਾ ਨੀਂ ਪਤਾ ?

ਚੌਧਰੀ : ਸੂਬੇਦਾਰਾ ਤੈਨੂੰ।
*(ਫਿਰ ਹਾਸਾ ਪੈਂਦਾ ਹੈ)*

ਤਾਰਾ : ਸੂਬੇਦਾਰ ਨੂੰ ਧੰਨਾ ਸਿੰਹੁ ਦੇ ਘਰ ਘਲੀਏ। ਉਥੇ ਜਾ ਕੇ ਦਰਸ਼ਨ ਹੋਣਗੇ ਚਿੱਟੇ ਕੁੱਕੜ ਦੇ।

ਸੂਬੇਦਾਰ : ਮੈਂ ਕੋਈ ਮੈਂਟਲ ਆਂ ਜੋ ਧੰਨੇ ਦੇ ਘਰ ਜਾਵਾਂ।

ਚੌਧਰੀ : ਤੇਰੇ ਜਿਹੇ ਚਾਰ ਕੁ ਸਿਆਣੇ ਆ ਵੜ੍ਹਣ ਸਾਡੇ 'ਚ ਤਾਂ ਫਿਰ ਲੈਕਸ਼ਨ ਹੋ ਗਈ ਫਤਿਹ।

ਤਾਰਾ : *(ਸੂਬੇਦਾਰ ਨੂੰ)* ਤੂੰ ਜਾ ਸਿੱਧਾ ਧੰਨਾ ਸਿੰਘ ਦੇ ਘਰ ਤੇ ਆ ਕੇ ਦੱਸ ਚਿੱਟੇ ਕੁਕੜ ਦੀ ਗੱਲ।

ਸੂਬੇਦਾਰ : ਕਿਆ ਉਹਦੇ ਘਰ ਚੀਟੇ ਕੁੱਕੜ ਹੈਂ ?

ਚੌਧਰੀ : ਨਾ ਹੋਰ ਕੀ ?

ਤਾਰਾ : ਬੱਸ ਕਰੋ, ਬਥੇਰੀ ਹੋ ਗਈ ਸੂਬੇਦਾਰ ਨਾਲ। ਮੈਂ ਦਸਦਾਂ ਸਾਰੀ ਗੱਲ। ਧੰਨਾ ਸਿੰਘ ਨੇ ਜਦ ਲੈਕਸ਼ਨਾਂ ਲੜਣੀਆਂ ਤਾਂ ਲੋਕਾਂ ਨੂੰ ਪਿਔਣੀ ਰੂੜੀ ਮਾਰਕਾ ਤੇ ਕਹਿਣਾ ਸੁੱਟ ਗਲਾਸ ਅੰਦਰ। ਮੇਰੇ ਜਿਹਿਆਂ ਨੇ ਅੱਖਾਂ ਮੀਟ ਕੇ ਸੁਟਣਾ ਗਲਾਸ ਅੰਦਰ ਤੇ ਧੰਨੇ ਨੇ



ਕਹਿਣਾ-ਆਹ ਚੁਟਕੀ ਚਿੱਟੇ ਲੂਣ ਦੀ ਵੀ ਸੁੱਟੋ। ਸੂਬੇਦਾਰਾ, ਹੁਣ ਲੱਗੈ ਪਤਾ ਚਿੱਟੇ ਕੁੱਕੜ ਦਾ।

ਸੂਬੇਦਾਰ : *(ਘਬਰਾਹਟ ਵਿੱਚ)* ਯੇ ਕਆ........

ਤਾਰਾ : ਯੇ ਆਪਕੀ ਬੁੱਧੀ ਕਾ ਕਮਾਲ ਹੈ। *(ਹਾਸਾ ਮੱਚਦਾ ਹੈ)*

ਚੌਧਰੀ : ਲਉ ਬਈ ਪਤਾ ਨੀਂ ਕਿਹੜੇ ਜੰਗਲ ਬੇਲਿਆਂ 'ਚ ਸੂਬੇਦਾਰੀ ਕਰਦਾ ਰਿਹੈ ਅਪਣਾ ਸੂਬੇਦਾਰ।

ਸੂਬੇਦਾਰ : ਯੇ ਕੋਈ ਬਾਤ ਹੈ.......

ਤਾਰਾ : ਸੂਬੇਦਾਰਾ, ਤੇਰੇ ਨਾਲ ਘੜੀ ਹਾਸਾ ਮਖੌਲ ਕਰਕੇ ਟੈਮ ਪਾਸ ਕਰਦੇ ਪਏ ਸੀ ਤੇ ਤੂੰ ਗੁੱਸਾ ਕਰ ਲਿਐ।

ਚੌਧਰੀ : ਫਿਰ ਕੀ ਹੋਇਐ, ਇਹਨੇ ਕਿਹੜਾ ਗੁੱਸਾ ਅਪਣੇ ਕੋਲ ਸਾਂਭ ਕੇ ਰੱਖਣੈ। ਘਰ ਜਾ ਕੇ ਇਹਨੇ ਸਾਰਾ ਗੁੱਸਾ ਅਪਣੇ ਜੀਆਂ ਤੇ ਕੱਢ ਕੇ ਉਹਨਾਂ ਦੀ ਪਰੇਡ ਕਰਾ ਦੇਣੀ ਆ।

ਤਾਰਾ : ਅਸੀਂ ਤਾਂ ਐਸ ਲੈਕਸ਼ਨ 'ਚ ਧੰਨੇ ਦੀ ਪਰੇਡ ਕਰਾ ਕੇ ਈ ਦਮ ਲਵਾਂਗੇ।

ਚੌਧਰੀ : ਉਹਨੇ ਕੀ ਮੁਕਾਬਲਾ ਕਰਨੈਂ ਸਾਡਾ। ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ।

ਤਾਰਾ : ਕਿਥੇ ਫਰਾਈ ਕੀਤੀ ਮੱਛੀ ਤੇ ਕਿੱਥੇ ਚਿੱਟਾ ਕੁਕੜ।

ਸੂਬੇਦਾਰ : *(ਖਿੱਝ ਕੇ)* ਫਿਰ ਸਾਲਾ ਚੀਟਾ ਕੁੱਕੜ।
*(ਸਾਰੇ ਹੱਸਦੇ ਹਨ)*

ਅਮਰ ਸਿੰਘ : ਬਥੇਰਾ ਹੋ ਗਿਐ ਹਾਸਾ ਠੱਠਾ, ਹਾਸੇ ਦਾ ਮੰਡਾਸਾ ਨਾ ਬਣ ਜੇ ਕਿਤੇ। ਤਾਰਿਆ, ਕਲ੍ਹ ਰੌਣਕ ਅੱਜ ਤੋਂ ਵੱਧ ਹੋਣੀ ਚਾਹੀਦੀ ਏ।

ਤਾਰਾ : ਸਰਦਾਰ ਅਮਰ ਸਿੰਹਾਂ, ਬਹਿਜਾ ਬਹਿਜਾ ਕਰਾ ਦਿਆਂਗਾ ਰੌਣਕ ਆਲੀ। ਆਹ ਬੰਦੇ ਜਿਹੜੇ ਸ਼ਰਾਬ ਤੇ ਮੱਛੀ ਡੱਫਦੇ ਪਏ ਨੇ, ਤੇਰਾ ਕੀ ਖਿਆਲ ਏ ਆਹ ਚੁੱਪ ਕਰ ਕੇ ਬੈਠਣਗੇ। ਕੱਲਾ ਕੱਲਾ ਦਸ ਦਸ ਨੂੰ ਦੱਸੇਗਾ ਤੇ ਕਲ੍ਹ ਨੂੰ ਤਿਲ ਸੁੱਟਣ ਲਈ ਥਾਂ ਨਹੀਂ ਬਚਣੀ।

ਅਮਰ ਸਿੰਘ : ਹੋਣਾ ਵੀ ਇੱਦਾਂ ਈ ਚਾਹੀਦੈ। ਅਸੀਂ ਲੈਕਸ਼ਨ ਲੜਦੇ ਪਏ ਆਂ ਕੋਈ ਬੱਚਿਆਂ ਦੀ ਕਬੱਡੀ ਨਹੀਂ ਖੇਡਦੇ ਪਏ। ਅਪਣੇ ਬੰਦੇ ਰੱਖੋ ਪੱਕੇ ਤੇ ਲਗਦੀ ਵਾਹ ਧੰਨੇ ਦੀਆਂ ਵੋਟਾਂ ਨੂੰ ਵੀ ਖੋਰਾ ਲਾ ਦਿਓ।

ਤਾਰਾ : ਖੋਰਾ ਲਾਵਾਂਗਾ ਕੀ ਖੋਰਾ ਤਾਂ ਲੱਗ ਗਿਐ। ਅਸੀਂ ਹਰ ਹੀਲਾ ਵਸੀਲਾ ਵਰਤਾਂਗੇ। ਪੀਣ ਵਾਲੇ ਦੀਆਂ ਟੁੱਬੀਆਂ ਲੁਆਵਾਂਗੇ ਦਰਿਆ 'ਚ ਤੇ ਸੁੱਕੀ ਸੇਵਾ ਵਾਲੇ ਦਾ ਮੂੰਹ ਕਾਲਾ ਕਰ ਦਿਆਂਗੇ।

ਸੂਬੇਦਾਰ : ਅਪੋਜ਼ੀਸ਼ਨ ਮਤਲਬ ਧੰਨੇ ਕੀ ਵੋਟ ਤੋੜਨੇ ਕਾ ਕਾਮ ਮੈਨੂੰ ਦੇ ਦਿਓ ਤੋ ਰੀਜ਼ਲਟ ਅੱਛੇ ਨਿਕਲੇਂਗੇ।

ਚੌਧਰੀ : ਤੈਨੂੰ ਵੇਖ ਕੇ ਅਪਣੀ ਵੋਟ ਟੁੱਟ ਤਾਂ ਸਕਦੀ ਆ, ਪਰ ਜੁੜ ਨਹੀਂ ਸਕਦੀ। ਤੂੰ ਹੈਥੇ ਈ ਟਿਕਿਆ ਰਹੁ।

ਸੂਬੇਦਾਰ : ਮੈਂ ਉਨ ਕੀ ਵੋਟਾਂ ਬਰੇਕ ਕਰੂੰਗਾ।

ਚੌਧਰੀ : ਸੂਬੇਦਾਰਾ, ਤੂੰ ਕਿਸੇ ਨੂੰ ਬੋਲਣ ਦਾ ਟੈਮ ਤਾਂ ਦਿੰਦਾ ਨਹੀਂ, ਲੋਕ ਤੇਰੇ ਤੋਂ ਉਈਂ ਖਹਿੜਾ ਛੁਡੌਂਦੇ ਆ। ਦੀਪਾ ਪਾਹੜੂ ਕਹਿੰਦਾ ਸੀ ਸੂਬੇਦਾਰ ਸਾਰੀ ਅੰਗਰੇਜ਼ੀ ਗਲਤ ਈ ਬੋਲੀ ਜਾਂਦੈ।

ਤਾਰਾ : ਸਾਲੀ ਅੰਗਰੇਜੀ ਨੂੰ ਮਾਰੋ ਗੋਲੀ। ਚੌਧਰੀ, ਗੱਲ ਇੱਦਾਂ ਏ ਕਿ ਤੇਰਾ ਮੁਹੱਲਾ ਪੂਰਾ ਬੱਝ ਕੇ ਪੈ ਜਾਏ।

ਚੌਧਰੀ : ਮੈਂ ਕਿਹੈ ਪੂਰਾ ਬੱਝ ਕੇ ਪਊ। ਜਿਹਦੇ ਉਪਰ ਮਾੜਾ ਮੋਟਾ ਸ਼ਕ ਹੋਇਐ, ਉਹਦੀ ਵੋਟ ਦਸਤੀ ਲੈ ਲਾਂਗੇ।

ਅਮਰ ਸਿੰਘ : ਜਿਸ ਬੰਦੇ ਅੱਗੇ ਚੋਗਾ ਸੁੱਟਣ ਦੀ ਲੋੜ ਹੋਈ, ਨਿੱਝਕ ਹੋ ਕੇ ਸੁੱਟੀ ਜਾਈਂ ਤਾਰਿਆ।

ਤਾਰਾ : ਮੈਂ ਕਿਹੈ ਜਿਵੇਂ ਦਾ ਬੰਦਾ ਹੋਏਗਾ, ਟੀਕਾ ਵੀ ਉਵੇਂ ਦਾ ਲਾਵਾਂਗੇ ਮਿੱਟੋ ਮਿੱਟੀ ਅਸਰ ਹੋਏਗਾ। ਦਲੀਪ ਸਿੰਘ ਕਹਿੰਦੈ-ਮੇਰੀਆਂ ਛੇ ਵੋਟਾਂ ਨੇ ਤੇ ਮੈਂ ਪੀਣੀ ਛੱਡੀ ਹੋਈ ਏ।ਮੈਂ ਕਿਹੈ ਕੋਈ ਨਹੀਂ ਪੀਣੀ ਛੱਡੀ ਏ, ਨਾਵਾਂ ਤਾਂ ਲੈ ਈ ਲਏਂਗਾ ? ਸੁਣ ਕੇ ਹੀਂ-ਹੀਂ ਕਰਕੇ ਹੱਸਣ ਲੱਗ ਪਿਆ।

ਅਮਰ ਸਿੰਘ : ਪੈਸੇ ਦੀ ਪਰਵਾਹ ਨੀਂ ਕਰਨੀ, ਪੰਡ ਨੋਟਾਂ ਦੀ ਲਾ ਦੇਣੀ ਏ ਲੈਕਸ਼ਨ 'ਚ। ਦੁਸ਼ਮਣਾਂ ਦੇ ਸਿਰ ਦੇ ਸਾਰੇ ਵਾਲ ਪੁੱਟ ਕੇ ਈ ਛੱਡਾਂਗੇ।

ਸੂਬੇਦਾਰ : ਯੈਸ, ਨੋਟਾਂ ਕੇ ਬੰਡਲ ਬਣਾ ਲੈਣਾ। ਜਿਧਰ ਜਿਧਰ ਜਾਵਾਂਗੇ ਨੋਟ ਬੰਟਤੇ ਜਾਵਾਂਗੇ ਤੋ ਕਸਮ ਭੀ ਚੁਕਾਤੇ ਜਾਵਾਂਗੇ ਗੁਟਕੇ ਤੇ ਹਾਥ ਰਖਵਾ ਕੇ। ਵੋਟੋਂ ਕੀ ਗਰੰਟੀ ਨਾਲ ਦੀ ਨਾਲ ਮਿਲਦੀ ਜਾਊ।ਅਪਣਾ ਯੰਗ ਬਲੱਡ ਮੁੰਡਾ ਬਾਹਰ ਕਮਾਤਾ ਏ ਤੋ ਚਿੰਤਾ ਕਿਸ ਬਾਤ ਕੀ।ਉਚੀ ਵਾਜ 'ਚ ਬੋਲੋ-ਅਮਰੀਕਾ ਵਾਲਾ ਲਟਕਾ ਜਿੰਦਾਬਾਦ।

ਬਾਕੀ : ਜਿੰਦਾਬਾਦ, ਜਿੰਦਾਬਾਦ।

ਚੌਧਰੀ : ਇੱਕ ਗੱਲ ਕਰਨੀ ਸੀ ਸਰਦਾਰ ਅਮਰ ਸਿੰਘ ਜੀ।

ਅਮਰ ਸਿੰਘ : ਕਿਹੜੀ ਗੱਲ ਚੌਧਰੀ ?



ਚੌਧਰੀ : ਆਪਾਂ ਪਰਦੇ 'ਚ ਕਰ ਲਈਏ....

ਸੂਬੇਦਾਰ : ਪਰਦਾ ਕਿਉਂ, ਓਪਨ ਕਰੋ ਓਪਨ।

ਚੌਧਰੀ : ਢੱਕਿਆ ਰਹਿ ਸੂਬੇਦਾਰਾ, ਵਿੱਚ ਬੋਲੀਂ ਨਾ।

ਅਮਰ ਸਿੰਘ : *(ਸੂਬੇਦਾਰ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਾ ਹੋਇਆ)* ਚੌਧਰੀ, ਤੂੰ ਸੰਗ ਨਾ, ਇਥੇ ਈ ਮੇਰੇ ਕੰਨੀਂ ਪਾ ਦੇ ਗੱਲ।

ਚੌਧਰੀ : ਸਰਦਾਰ ਸਾਹਬ, ਤੁਹਾਨੂੰ ਇੱਕ ਖੇਚਲ ਦੇਣ ਲੱਗਾਂ....

ਅਮਰ ਸਿੰਘ : ਹਾਂ ਹਾਂ ਬੋਲ, ਤੂੰ ਖੇਚਲ ਦੇ, ਮੈਂ ਆਪੇ ਝੱਲ ਲਵਾਂਗਾ।

ਚੌਧਰੀ : ਗੁੱਸਾ ਨਾ ਕਰੀਂ ਸਰਦਾਰਾ ਜੇ ਗੱਲ ਚੰਗੀ ਨਾ ਲੱਗੀ ਤਾਂ....

ਅਮਰ ਸਿੰਘ : ਗੁੱਸਾ ਤੇਰਾ ਕਰਨੈਂ ?ਨਾ ਬਈ ਨਾ, ਤੂੰ ਤਾਂ ਮੇਰਾ ਭਰਾ ਏਂ।

ਚੌਧਰੀ : ਜੇ ਭਰਾ ਵਾਂ ਤਾਂ ਤੈਥੋਂ ਓਹਲਾ ਕਾਹਦਾ। ਤੈਨੂੰ ਤਾਂ ਪਤੈ ਬਈ ਮੇਰਾ ਵਾਲ ਵਾਲ ਕਰਜੇ 'ਚ ਵਿੰਨ੍ਹਿਆ ਪਿਐ। ਮੈਨੂੰ ਐਸ ਵੇਲੇ ਵੀਹ ਹਜ਼ਾਰ ਰੁਪਏ ਦੀ ਡਾਹਢੀ ਲੋੜ ਵਾ।

ਸੂਬੇਦਾਰ : ਇਹ ਗਲਤ ਏ, ਇਟ ਇਜ਼ ਬੈਡ।

ਅਮਰ ਸਿੰਘ : ਸੂਬੇਦਾਰਾ, ਘੜੀ ਰਹਿਮ ਕਰ ਸਾਡੇ ਤੇ। ਚੌਧਰੀ, ਮੇਰੇ ਜਿੰਮੇ ਕਿੰਨੇ ਪੈਸੇ ਲਾਏ ਨੇ ?

ਚੌਧਰੀ : ਹੀਂ....ਹੀਂ....ਹੀਂ। ਮੈਨੂੰ ਤਾਂ ਪੂਰੇ ਵੀਹ ਹਜ਼ਾਰ ਈ ਚਾਹੀਦੇ ਆ ਫਿਰ ਈ ਮੇਰੀ ਖਲਾਸੀ ਹੁੰਦੀ ਆ।

ਸੂਬੇਦਾਰ : ਚੌਧਰੀ ਦੀ ਕਹਾਣੀ ਤਾਂ ਗਰੀਡੀ ਡਾਗ ਯਾਨੀ ਲਾਲਚੀ ਕੁੱਤੇ ਵਾਲੀ ਏ ਜਿਹਦਾ ਅੰਤ ਬੜਾ ਬੁਰਾ ਹੋਇਆ ਥਾ।

ਚੌਧਰੀ : *(ਭੜਕਦਾ ਹੋਇਆ)* ਮੈਨੂੰ ਲਾਲਚੀ ਕੁੱਤਾ ਕਹਿ ਰਿਹੈਂ ?ਸੂਬੇਦਾਰਾ, ਕੁੱਤਾ ਤਾਂ ਤੂੰ ਏਂ ਜਿਹੜਾ ਨਾ ਟੈਮ ਵੇਖਦੈਂ ਨਾ ਆਸਾ ਪਾਸਾ, ਜਦ ਦਿਲ ਕਰਦੈ ਉੱਚੀ ਉੱਚੀ ਭੌਂਕਣ ਲੱਗ ਪੈਂਦੈ।

ਸੂਬੇਦਾਰ : *(ਹੋਛੇਪਣ ਵਿੱਚ)* ਤੂੰ ਸਮਝ ਕਯਾ ਰੱਖੈ ਅਪਨੇ ਆਪ ਕੋ ਚੌਧਰੀ ? ਤੇਰੇ ਜੈਸੇ ਕਈ ਚਿੱਬ ਖੜਿੱਬੇ ਬੰਦੇ ਮੈਂ ਸੀਧੇ ਕੀਤੇ ਆਰਮੀ 'ਚ।

ਚੌਧਰੀ : ਆਹ ਫੌਜ ਨੀਂ ਹੈਗੀ, ਆਹ ਪਿੰਡ ਆ ਪਿੰਡ। ਹੈਥੇ ਤੇਰੀ ਚਪੜ ਚਪੜ ਬਿਲਕੁਲ ਨੀਂ ਚਲਣੀ।

ਸੂਬੇਦਾਰ : ਮਾਈਂਡ ਯੂਅਰ ਪੁਜੀਸ਼ਨ।

ਅਮਰ ਸਿੰਘ : ਸੂਬੇਦਾਰਾ, ਤੇਰੇ ਅੱਗੇ ਹੱਥ ਜੋੜਦਾਂ, ਤੂੰ ਈ ਠੰਡਾ ਹੋ ਜਾ। ਮੌਕਾ ਸਮਝਣ ਵਾਲੀ ਗੱਲ ਕਰ.....

ਸੂਬੇਦਾਰ : ਆਹ ਚੌਧਰੀ ਗਧਾ ਏ.....ਡੌਂਕੀ।

ਅਮਰ ਸਿੰਘ : *(ਸੂਬੇਦਾਰ ਦੇ ਮੂੰਹ ਅੱਗੇ ਹੱਥ ਰੱਖ ਕੇ ਹੌਲੀ ਜਿਹਾ ਬੋਲਦਾ ਹੋਇਆ)* ਗਧੇ ਨੂੰ ਵੀ ਬਾਪੂ ਬਨੌਣਾ ਪੈਂਦੈ।

ਚੌਧਰੀ : ਅਮਰ ਸਿੰਹਾਂ, ਇੱਕ ਗੱਲ ਯਾਦ ਰੱਖੀਂ। ਜੇ ਤੂੰ ਹਾਅ ਸੂਬੇਦਾਰ ਨੂੰ ਨੱਥ ਨਾ ਪਾਈ ਤਾਂ ਬਣੀ ਬਣਾਈ ਖੇਡ ਖਰਾਬ ਹੋ ਜੂ।

ਸੂਬੇਦਾਰ : ਮੈਨੇਂ......ਮੈਂ.......

ਅਮਰ ਸਿੰਘ : ਸੂਬੇਦਾਰ, ਤੈਨੂੰ ਕਸਮ ਏ ਮੇਰੀ ਜੇ ਹੁਣ ਬੋਲਿਆ ਤਾਂ.....

ਸੂਬੇਦਾਰ : ਠੀਕ ਹੈ, ਕਰ ਲੈ ਫਰਮੈਸ਼ਾਂ ਪੂਰੀਆਂ, ਡੀਮਾਂਡਜ ਬੜਤੀ ਜਾਏਗੀ।

ਅਮਰ ਸਿੰਘ : ਕੁੱਛ ਨਹੀਂ ਹੁੰਦਾ।

ਚੌਧਰੀ : ਅਮਰ ਸਿੰਘ ਜੀ, ਕੀ ਸੋਚਿਐ ਮੇਰੇ ਵਾਸਤੇ ?

ਅਮਰ ਸਿੰਘ : ਸਵੇਰੇ ਲੈ ਜਾਈਂ ਵੀਹ ਹਜ਼ਾਰ ਚੌਧਰੀ। ਤੇਰੇ ਪਿੱਛੇ ਤਾਂ ਜਾਨ ਵੀ ਹਾਜਰ ਏ।

ਸੂਬੇਦਾਰ : ਖਾਣਾ ਭੀ, ਪੀਣਾ ਭੀ ਔਰ ਪੈਸਾ ਭੀ.....

ਚੌਧਰੀ : ਅਮਰ ਸਿੰਹਾ, ਰੋਕ ਲੈ ਸੂਬੇਦਾਰ ਨੂੰ। ਨਹੀਂ ਤਾਂ ਹੋਰ ਈ ਖੱਟੀ ਖੱਟ ਲੇਗਾ ਅੱਜ।

ਅਮਰ ਸਿੰਘ : ਤੁਹਾਡੇ ਦੋਵਾਂ ਅੱਗੇ ਹੱਥ ਜੋੜਦਾਂ ਹੁਣ ਰੰਗ 'ਚ ਭੰਗ ਨਾ ਪਾਇਓ।

ਤਾਰਾ : ਅਸੀਂ ਧੰਨੇ ਨੂੰ ਦਿਨੇ ਤਾਰੇ ਵਿਖੌਣ ਦੀਆਂ ਸਕੀਮਾਂ ਘੜਦੇ ਪਏ ਆਂ ਤੇ ਇਹਨਾਂ ਦੋਵਾਂ ਨੇ ਆਪਣੀ ਰਾਮ ਲੀਲਾ ਖੇਡਣੀ ਸ਼ੁਰੂ ਕਰ ਦਿੱਤੀ। ਸਾਰੀ ਪੀਤੀ ਲਾਹ ਦਿੱਤੀ ਇਹਨਾਂ ਦੋਵਾਂ ਦੇ ਸ਼ਲੋਕਾਂ ਨੇ।

ਅਮਰ ਸਿੰਘ : ਸੂਬੇਦਾਰਾ, ਤੂੰ ਕੱਲੇ ਕੱਲੇ ਦੀ ਗੱਲ ਰੱਖ। ਭਰਾਵਾਂ ਨੂੰ ਦੱਸ ਦਈਏ ਆਪਾਂ ਕੀ ਕਰਾਂਗੇ ਸਰਪੈਂਚ ਬਣ ਕੇ।

ਸੂਬੇਦਾਰ : ਬੰਤੇ ਦੀ ਮੰਗ ਐ ਕਿ ਉਸਨੇ ਜੋ ਹਵੇਲੀ ਨਜੈਜ ਕਬਜੇ ਮੇਂ ਰੱਖੀ ਹੈ, ਉਸ ਕੇ ਉਪਰ ਸਰਪੰਚ ਨੇ ਜੋ ਕੇਸ ਕੀਤੈ, ਵੋਹ ਕੇਸ ਵਾਪਸ ਲੀਆ ਜਾਏ।

ਅਮਰ ਸਿੰਘ : *(ਪੈੱਗ ਉਪਰ ਹੱਥ ਰੱਖ ਕੇ)* ਆਹ ਰਿਜਕ ਦੀ ਸਹੁੰ ਖਾ ਕੇ ਕਹਿਣਾਂ ਜਿਹਨਾਂ ਉਪਰ ਸਰਪੰਚ ਧੰਨਾ ਸਿੰਘ ਨੇ ਕੇਸ ਕੀਤੇ ਨੇ, ਮੈਂ ਸਾਰੇ ਕੇਸ ਵਾਪਸ ਲਵਾਂਗਾ।

ਬਾਕੀ : ਸਰਦਾਰ ਅਮਰ ਸਿੰਘ ਜਿੰਦਾਬਾਦ।

ਸੂਬੇਦਾਰ : ਏਕ ਬਾਤ ਸਕੂਲ ਦੀ ਏ। ਸਕੂਲ ਦੀ ਬਿਲਡਿੰਗ ਕੀ ਕੰਡੀਸ਼ਨ ਅੱਛੀ ਨਹੀਂ, ਸਿਰਫ ਦੋ ਹੀ ਕਮਰੇ ਹੈਂ।

ਅਮਰ ਸਿੰਘ : ਕਮਰੇ ਕਰ ਦਿਆਂਗੇ ਪੰਜ ਤੇ ਨਾਲ ਬਣੇਗਾ ਦਫਤਰ।



ਤਾਰਾ : ਫਿਰ ਸਕੂਲ ਬਣ ਜੂ ਨਵੀਂ ਵਿਆਹੀ ਜਨਾਨੀ ਵਾਂਗੂੰ।

*(ਸਾਰੇ ਤਾੜੀਆਂ ਮਾਰਦੇ ਹਨ)*

*ਅਮਰ ਸਿੰਘ* : ਸੂਬੇਦਾਰਾ, ਨਾਲ ਲਗਦੇ ਧਰਮਸ਼ਾਲਾ ਦੀ ਵੀ ਗੱਲ ਕਰ ਲੈ।

ਸੂਬੇਦਾਰ : ਸਭ ਨੂੰ ਪਤੈ ਹਰੀਜਨਾਂ ਕੀ ਧਰਮਸ਼ਾਲਾ ਟੂਟੀ ਫੂਟੀ ਹੈ। ਧੰਨਾ ਸਿੰਘ ਨੇ ਕਿਤਨੀ ਇਲੈਕਸ਼ਨ ਫਾਈਟ ਕੀਤੀ ਔਰ ਜੀਤੀ ਪਰ ਉਸਨੇ ਧਰਮਸ਼ਾਲਾ ਕੇ ਲੀਏ ਖੋਟੀ ਕੌਡੀ ਨਾ ਨਿਕਾਲੀ ਜੇਬ ਸੇ, ਨਾਟ ਈਵਨ ਏ ਸਿੰਗਲ ਪੈਨੀ।

ਅਮਰ ਸਿੰਘ : ਹਰੀਜਨ ਵੀਰੋ, ਘਬਰਾਇਓ ਨਾ, ਸਮਝੋ ਧਰਮਸ਼ਾਲਾ ਦੀ ਸੁਣੀ ਗਈ। ਧਰਮਸ਼ਾਲਾ ਵਾਸਤੇ ਮੈਂ ਪੰਜਾਹ ਹਜ਼ਾਰ ਰੁਪਏ ਦਾਨ ਦੇਵਾਂਗਾ।

*(ਤਾੜੀਆਂ ਵੱਜਦੀਆਂ ਹਨ)*

ਸੂਬੇਦਾਰ : *(ਹੈਰਾਨੀ ਵਿੱਚ)* ਪਚਾਸ ਹਜ਼ਾਰ ?

ਅਮਰ ਸਿੰਘ : ਕੋਈ ਨਹੀਂ, ਦਾਨ ਈ ਏ।

ਚੌਧਰੀ : ਨਹੀਂ ਰੀਸਾਂ ਸਰਦਾਰ ਅਮਰ ਸਿੰਘ ਦੀਆਂ।

ਤਾਰਾ : ਪੰਜਾਹ ਹਜਾਰ ਦੇ ਕੇ ਅਮਰ ਸਿੰਘ ਨੇ ਮਾਰਿਐ ਤੀਰ ਐਨ ਨਿਸ਼ਾਨੇ ਤੇ। ਸਾਰੇ ਹਰੀਜਨਾਂ ਨੂੰ ਆਪਣੀ ਜੇਬ 'ਚ ਸੁੱਟ ਲਿਐ। ਸਰਦਾਰ ਅਮਰ ਸਿੰਹਾਂ, ਮੈਂ ਤਾਂ ਸਾਰੇ ਕੰਮ ਛੱਡ ਕੇ ਹੁਣ ਤੇਰੀ ਲੈਕਸ਼ਨ 'ਚ ਡਟ ਪਿਆਂ। ਪੱਠੇ ਸੁਟਾ ਦਿਆ ਕਰ ਮੇਰੇ ਘਰ ਆਪਣੇ ਭਈਏ ਤੋਂ। ਨਾਲੇ ਵੱਟਾਂ ਤੇ ਪੱਠੇ ਵੱਢਦਾ ਹੁਣ ਮੈਂ ਓਦਾਂ ਵੀ ਚੰਗਾ ਨਹੀਂ ਲੱਗਦਾ।

ਅਮਰ ਸਿੰਘ : ਪਰਵਾਹ ਨਾ ਕਰ ਤਾਰਿਆ, ਤੂੰ ਕੰਮ ਕਰੀ ਜਾ ਤਕੜਾ ਹੋ ਕੇ। ਇੱਕ ਹੋਰ ਗੱਲ ਸੁਣ.....

ਤਾਰਾ : ਉਹ ਕਿਹੜੀ ?

ਅਮਰ ਸਿੰਘ : ਲੈਕਸ਼ਨ ਵਾਲੇ ਦਿਨ ਤੋਂ ਪਹਿਲੀ ਰਾਤ ਬੜੇ ਕੰਮ ਦੀ ਰਾਤ ਹੁੰਦੀ ਏ। ਉਹੀ ਰਾਤ ਕਿਸੇ ਨੂੰ ਤਾਰ ਵੀ ਸਕਦੀ ਏ ਤੇ ਡੋਬ ਵੀ ਸਕਦੀ ਏ।

ਤਾਰਾ : ਤਾਰੇ ਚੜ੍ਹਾ ਦਿਆਂਗੇ। ਵੋਟ ਜਾਣ ਨਹੀਂ ਦੇਣੀ ਦੂਜੇ ਪਾਸੇ ਤੇ ਧੰਨੇ ਦੀ ਜਮਾਨਤ ਜਬਟ ਕਰਵਾ ਕੇ ਹੀ ਸਾਹ ਲੈਣੈਂ। ਸਰਦਾਰ ਅਮਰ ਸਿੰਹਾਂ, ਹੁਣ ਜਰਾ ਗੌਣ ਪਾਣੀ ਕਰ ਲਵਾਂ ?

ਅਮਰ ਸਿੰਘ : ਲਾ ਲੈ ਹੇਕ, ਤੈਨੂੰ ਖੁੱਲੀਆਂ ਛੁੱਟੀਆਂ ਨੇ ਤਾਰਿਆ।

ਤਾਰਾ : *(ਗਾਉਂਦਾ ਹੋਇਆ)* ਨੈਣ ਪਰੀਤੋ ਦੇ ਬਹਿਜਾ ਬਹਿਜਾ ਕਰਦੇ
ਜਿਹੜੇ ਤੱਕ ਲੈਂਦੇ ਨਾ ਜੀਂਦੇ ਨਾ ਮਰਦੇ।

ਬਾਕੀ : ਨਾ ਜੀਂਦੇ ਨਾ ਮਰਦੇ ਨੈਣ ਪਰੀਤੋ ਦੇ,
ਬੱਲੇ, ਸ਼ਾਵਾ।

ਚੌਧਰੀ : ਹਾਅ ਗਾਣਾ ਨਾ ਗਾਓ ਬਈ। ਧੰਨੇ ਦੀ ਕੁੜੀ ਦਾ ਨਾਂ ਏ ਪਰੀਤੋ। ਕੁੜੀਆਂ, ਧੀਆਂ, ਭੈਣਾਂ ਸਾਰੇ ਪਿੰਡ ਦੀਆਂ ਸਾਂਝੀਆਂ ਹੁੰਦੀਆਂ ਨੇ।

ਤਾਰਾ : ਅਸੀਂ ਤਾਂ ਬਣਿਆ ਬਣਾਇਆ ਗੀਤ ਗਾਂਦੇ ਪਏ ਆਂ। ਸਾਨੂੰ ਕੀ ਪਤੈ ਧੰਨੇ ਦੀ ਕੁੜੀ ਦਾ ਨਾਂ ਪ੍ਰੀਤੋ ਏ ਕਿ ਜੀਤੋ। *(ਬਾਕੀਆਂ ਨੂੰ)* ਗਾਓ ਜਰਾ ਖੁੱਲ ਕੇ ਨੈਣ ਪਰੀਤੋ ਦੇ.....

ਬਾਕੀ : ਬਹਿਜਾ ਬਹਿਜਾ ਕਰਦੇ।
*(ਹਨੇਰਾ ਹੋ ਜਾਂਦਾ ਹੈ)*



# *ਦ੍ਰਿਸ਼ ਤੀਜਾ*

*(ਧੰਨਾ ਅਪਣੇ ਵਿਹੜੇ ਵਿੱਚ ਡਾਹੀਆਂ ਹੋਈਆਂ ਤਿੰਨ ਮੰਜੀਆਂ ਵਿੱਚੋਂ ਇੱਕ ਮੰਜੀ ਉਪਰ ਬੈਠਾ ਹੈ, ਉਸ ਦੇ ਬੁੱਢੇ ਚਿਹਰੇ ਉਪਰ ਚਿੰਤਾ ਦੇ ਗਹਿਰੇ ਚਿੰਨ੍ਹ ਵਿਖਾਈ ਦਿੰਦੇ ਹਨ। ਉਹ ਆਸੇ ਪਾਸੇ ਵੇਖਦਾ ਹੈ, ਮੰਜੇ ਤੋਂ ਉੱਠ ਪੈਂਦਾ ਹੈ। ਕੋਲ ਪਏ ਰੇਡੀਓ ਤੋਂ ਗਾਉਣ ਦੀ ਆਵਾਜ਼ ਆਉਂਦੀ ਹੈ)*

ਗੀਤ ਦੀ ਆਵਾਜ਼: ਬੰਦੇ ਦੇ ਪੱਲੇ ਹੋਏ ਮਾਇਆ
ਅਨਜਾਣ ਅਪਣੇ ਹੋ ਜਾਂਦੇ ਨੇ।
ਜਦ ਚਿੰਬੜ ਜਾਏ ਗਰੀਬੀ
ਅਪਣੇ ਸਾਥ ਛੱਡ ਜਾਂਦੇ ਨੇ।
ਮਾਇਆ ਨੇ ਕੀਲਿਆ ਸਾਰਾ ਸੰਸਾਰ
ਰੱਬਾ ਤੂੰ ਈ ਦੁਨੀਆਂ ਤਾਰ।

ਧੰਨਾ : *(ਆਪਣੇ ਆਪ ਵਿੱਚ)* ਲੋਕਾਂ ਉਪਰ ਇੱਕੋ ਭੂਤ ਸਵਾਰ ਏ— ਮਾਇਆ, ਮਾਇਆ, ਮਾਇਆ। ਮਾਇਆ ਪੱਲੇ ਹੋਵੇ ਤਾਂ ਪਰਸੂ, ਪਰਸਾ, ਪਰਸਰਾਮ। ਪਰ.....ਗਰੀਬ ਬੰਦੇ ਦਾ ਕੋਈ ਪਰਛਾਵਾਂ ਨਹੀਂ ਲੈਂਦਾ। ਬੇੜਾ ਗਰਕ ਹੋ ਗਿਆ ਲੋਕਾਂ ਦਾ.....ਨਾ ਕਿਸੇ ਦਾ ਕੋਈ ਦੀਨ ਤੇ ਨਾ ਕੋਈ ਧਰਮ। ਲੋਕ ਚੰਗੀ ਰੋਟੀ ਖਾਂਦੇ ਪੀਂਦੇ ਵੀ ਘਰ ਬਾਹਰ ਛੱਡ ਕੇ ਬਾਹਰਲੇ ਦੇਸ਼ਾਂ ਵੱਲ ਦੌੜੇ ਜਾ ਰਹੇ ਨੇ.....ਕਈਆਂ ਨੂੰ ਅਪਣੀ ਨੌਕਰੀ ਦੀ ਤਨਖਾਹ ਤੇ ਨਹੀਂ ਸਬਰ, ਨੌਕਰੀ ਛੱਡ ਕੇ ਬਾਹਰ ਬਈਆਂ ਵਾਲਾ ਕੰਮ ਕਰਦੇ ਨੇ। ਗੋਰਿਆਂ ਦੀ ਚਾਕਰੀ ਕਰੀ ਜਾਂਦੇ ਨੇ.....ਡਾਲਰ ਕਮਾ ਕੇ ਇਧਰ ਭੇਜੀ ਜਾਂਦੇ ਨੇ.....ਸਾਣਾ ਜੀਣਾ ਹਰਾਮ ਹੋ ਗਿਐ। *(ਚੀਖਦਾ ਹੋਇਆ)* ਇਹ ਡਾਲਰ ਮੈਨੂੰ ਖਾ ਜਾਣਗੇ।
*(ਜੀਤੋ ਅੰਦਰੋਂ ਬਾਹਰ ਆਉਂਦੀ ਹੈ)*

ਜੀਤੋ : ਕਿਹਦੇ ਨਾਲ ਗੱਲਾਂ ਕਰੀ ਜਾਨੈਂ?

ਧੰਨਾ : *(ਖਿੱਝ ਕੇ)* ਕਿਸੇ ਨਾਲ ਵੀ ਨਹੀਂ।

ਜੀਤੋ : ਅਪਣੀ ਹਾਲਤ ਵੇਖ, ਮੈਂ ਤਾਂ ਕਹਿਣੀ ਆਂ ਗੋਲੀ ਮਾਰ ਸਰਪੈਂਚੀ ਨੂੰ।

ਧੰਨਾ : ਤੈਨੂੰ ਨਾ ਮਾਰਾਂ ਗੋਲੀ।

ਜੀਤੋ : ਮੈਨੂੰ ਗੋਲੀ ਵੱਜਣ 'ਚ ਕੋਈ ਕਸਰ ਰਹਿ ਗਈ ਏ। ਦਿਨ ਰਾਤ ਇੱਕੋ ਗੱਲ ਲੈਕਸ਼ਨ ਲੈਕਸ਼ਨ, ਲੈਕਸ਼ਨ। ਚੁੱਲ੍ਹੇ 'ਚ ਪਏ ਲੈਕਸ਼ਨ।

ਧੰਨਾ : ਤੂੰ ਚਾਹੁੰਨੀ ਏਂ ਮੈਂ ਅਮਰ ਸਿੰਘ ਅੱਗੇ ਗੋਡੇ ਟੇਕ ਦਿਆਂ।

ਜੀਤੋ : ਪੁਟਾ ਲੈ ਬੋਦੀਆਂ ਬੁੱਢੇ ਵਾਰੇ। ਹਾਰਣ ਨਾਲੋਂ ਭਰਿਆ ਮੇਲਾ ਛੱਡਣਾ ਚੰਗੈ।

ਧੰਨਾ : ਬਕਵਾਸ ਬੰਦ ਕਰ, ਨਹੀਂ ਤਾਂ ਸੋਟੇ ਨਾਲ ਘੜ ਦਿਆਂਗਾ।

ਜੀਤੋ : *(ਰੋਣਹਾਕੀ ਹੁੰਦੀ ਹੋਈ)* ਕਰ ਲੈ ਇਹ ਵੀ ਅਪਣਾ ਚਾਅ ਪੂਰਾ। *(ਅੰਦਰ ਚਲੀ ਜਾਂਦੀ ਹੈ)*

ਧੰਨਾ : *(ਆਪਣੇ ਆਪ ਨਾਲ)* ਅਤਰੂ ਪਤਾ ਨਹੀਂ ਕਿਉਂ ਨਹੀਂ ਆਇਆ? ਪਤਾ ਨਹੀਂ ਕਿੱਥੇ ਮਰ ਗਿਐ? ਚੰਗਾ ਗਿਐ ਮੁੰਡਿਆਂ ਨੂੰ ਬੁਲੌਣ.....ਹੁਣ ਤਾਈਂ ਤਾਂ ਬੰਦਾ ਦਸ ਘਰ ਘੁੰਮ ਕੇ ਆ ਜਾਏ। ਅਤਰੂ ਵਿੱਚ ਵੀ ਉਹ ਫੁਰਤੀ ਨਹੀਂ ਰਹੀ। ਆਏ ਦਿਨ ਕੁੱਝ ਰਹਿੰਦਾ ਈ ਜਾਂਦੈ।

*(ਅਤਰੂ ਆਉਂਦਾ ਹੈ, ਥੱਕੇ ਜਿਹੇ ਕਦਮ ਚਲਦਾ ਹੋਇਆ ਇੱਕ ਮੰਜੇ ਤੇ ਧੜੱਮ ਕਰਕੇ ਬੈਠ ਜਾਂਦਾ ਹੈ)*

ਅਤਰੂ, ਕਿਵੇਂ ਰਿਹੈ?

ਅਤਰੂ : ਆ ਤਾਂ ਰਹੇ ਨੇ ਪਰ ਮੈਨੂੰ ਨਹੀਂ ਆਸ ਕੋਈ ਕੰਮ ਦੀ ਗੱਲ ਕਰਨ ਉਹ। ਸਾਰੇ ਆਫਰੇ ਫਿਰਦੇ ਨੇ।

ਧੰਨਾ : ਦਿਆਲ ਤੇ ਕਸ਼ਮੀਰਾ ਕੀ ਆਂਹਦੇ ਸੀ?

ਅਤਰੂ : ਆਂਹਦੇ ਸੀ ਬਾਪੂ ਰਾਹ ਜਾਂਦਾ ਕੋਈ ਨਾ ਕੋਈ ਪੰਗਾ ਪਾ ਛੱਡਦੈ।

ਧੰਨਾ : ਜਲੰਧਰ ਫੂਨ ਕੀਤੈ ਨੂਰੇ ਨੂੰ?

ਅਤਰੂ : ਆਹੋ ਕੀਤੈ, ਪਰ ਉਹਨੇ ਕੋਈ ਸਵਾਦ ਵਾਲੀ ਗੱਲ ਨਹੀਂ ਕੀਤੀ। ਕਹਿੰਦੈ ਮੈਂ ਪਿੰਡ ਨਹੀਂ ਆ ਸਕਦਾ।

ਧੰਨਾ : ਕਿਉਂ ਉਹਨੂੰ ਪਿੰਡੋਂ ਮੁਸ਼ਕ ਆਉਂਦੀ ਏ?

ਅਤਰੂ : ਕਹਿੰਦਾ ਸੀ ਮੈਂ ਨਹੀਂ ਮੂੰਹ ਕਰਦਾ ਨਰਕ ਵੱਲ।

ਧੰਨਾ : ਉਥੇ ਕਿੱਡਾ ਸਵਰਗ ਦੇ ਝੂਟੇ ਲੈਂਦੈ......ਪਿੰਡ 'ਚ ਜੰਮਿਆ ਪਲਿਆ ਪੱਕੇ ਡੇਰੇ ਲਾ ਕੇ ਬਹਿ ਗਿਐ ਸ਼ਹਿਰ 'ਚ।

ਅਤਰੂ : ਉਹਦਾ ਕੰਮ ਕਾਰ ਚੰਗੈ। ਪਲਾਟ ਖਰੀਦਦੈ ਤੇ ਵੇਚੀ ਜਾਂਦੈ। ਮੋਟਾ ਮੁਨਾਫਾ ਕਮੌਂਦਾ ਅਗਲਾ। ਉਹਨੂੰ ਕੀ ਲੋੜ ਪਈ ਏ ਪਿੰਡ ਆ ਕੇ ਝੋਟਿਆਂ ਦੀਆਂ ਪੂਛਾਂ ਮਰੋੜਣ ਦੀ। ਪਿੱਛੇ ਜਿਹੇ ਮੈਂ ਉਹਦੇ ਕੋਲ



ਗਿਆ ਸੀ, ਕੋਠੀ ਵੇਖ ਵੇਖ ਭੁੱਖ ਲਹਿੰਦੀ ਏ, ਕੋਈ ਦਸ ਕਮਰੇ ਹੋਣਗੇ ਕੋਠੀ 'ਚ। ਕੋਠੀ ਤੇ ਕੋਠੀ ਚਾੜ੍ਹਤੀ ਉਹਨੇ। ਜਿਹੜੇ ਕਮਰੇ 'ਚ ਅਸਾਂ ਬਹਿ ਕੇ ਬਿਸਕੀ ਪੀਤੀ ਉਹ ਕਮਰਾ ਤਾਂ ਸੀਤ ਠੰਡਾ ਸੀ ਤੇ ਬਾਹਰ ਲੂ ਪਈ ਵਗਦੀ ਸੀ। ਮੈਨੂੰ ਕਹਿੰਦੈ-ਚਾਚਾ ਬਹਿਜਾ ਸੋਫੇ ਤੇ। ਮੈਂ ਬੈਠਾ ਕੀ, ਸੋਫੇ ਦੇ ਵਿੱਚ ਈ ਧੱਸ ਗਿਆ। ਉਹਦੇ ਹੱਥ 'ਚ ਇੱਕ ਕਾਗਤ ਤੇ ਇੱਕ ਡਰਾਫਟ ਸੀ ਬੰਕ ਦਾ।

ਧੰਨਾ : *(ਚੌਂਕ ਕੇ)* ਡਰਾਫਟ?

ਅਤਰੂ : ਆਹੋ, ਕਹਿੰਦਾ ਸੀ ਦਿੱਲੀ ਪਾ ਰਿਹਾਂ ਡਰਾਫਟ। ਪਲਾਟ ਦਾ ਸੌਦਾ ਮਾਰਿਐ ਸੀ ਉਹਨੇ ਮੋਟੀ ਰਕਮ ਦਾ।

ਧੰਨਾ : ਉਹ ਰਹਿ ਗਿਐ ਪਲਾਟਾਂ ਜੋਗਾ ਈ। ਉਹ ਕੀ ਜਾਣੇ ਬੁੱਢੇ ਪਿਓ ਦੀ ਕੀ ਹਾਲਤ ਏ। ਸਾਡੀਆਂ ਭਾਵੇਂ ਹੱਡੀਆਂ ਗੰਗਾ ਪਹੁੰਚ ਜਾਣ, ਲਾਦ ਨੂੰ ਕੀ? ......ਪਿਛਲੀ ਉਮਰੇ ਅਪਣੇ ਵੀ ਓਪਰੇ ਬਣ ਜਾਂਦੇ ਨੇ ਅਤਰੂ।

ਅਤਰੂ : ਜੇ ਉਹ ਪਿੰਡ ਵੱਲ ਮੂੰਹ ਨਹੀਂ ਕਰਦਾ ਤਾਂ ਤੂੰ ਈ ਕਦੇ ਗੇੜਾ ਲਾ ਆਇਆ ਕਰ ਉਹਦੇ ਵੱਲ।

ਧੰਨਾ : ਉਥੇ ਜਾਣ ਲਈ ਚਿੱਤ ਨਹੀਂ ਕਰਦਾ, ਮੁੰਡੇ ਨੇ ਘੜੀ ਕੋਲ ਬਹਿਣਾ ਨਹੀਂ। ਐਵੇਂ ਬਾਂਦਰਾਂ ਵਾਂਗੂੰ ਟਪੂਸੀਆਂ ਮਾਰੀ ਜਾਂਦੈ, ਸਾਰਾ ਦਿਨ ਪੈਸਿਆਂ ਦੀ ਗਿਣਤੀ ਮਿਣਤੀ ਈ ਕਰੀ ਜਾਂਦੈ। ਉਹਨੇ ਕੁੱਛ ਨਹੀਂ ਘੱਲਣਾ ਇਲੈਕਸ਼ਨ ਵਾਸਤੇ......।

ਅਤਰੂ : ਮੁੰਡੇ ਕੰਮ ਹੋਣ ਤਾਂ ਬੁੱਢਿਆਂ ਦੀ ਉਮਰ ਲੰਮੀ ਹੋ ਜਾਂਦੀ ਏ ਦਸ ਵੀਹ ਸਾਲ ਧੱਕੇ ਨਾਲ ਈ। ਮੁੰਡੇ ਅੱਖਾਂ ਫੇਰ ਲੈਣ ਤਾਂ ਬੰਦਾ ਰੱਬ ਅੱਗੇ ਇਹੋ ਅਰਦਾਸਾਂ ਕਰਦੈ—ਸੱਚੇ ਪਾਤਸ਼ਾਹ, ਕੱਢ ਲੈ ਜਾਨ।

ਧੰਨਾ : ਮੁੰਡਿਆਂ ਨੂੰ ਆ ਲੈਣ ਦੇ। ਅੱਜ ਮੈਂ ਉਹਨਾਂ ਨੂੰ ਝੰਜੋੜਾਂਗਾ ਕਿ ਅਪਣੀ ਇੱਜਤ ਦਾ ਖਿਆਲ ਕਰੋ।

ਅਤਰੂ : *(ਨਿਰਉਤਸ਼ਾਹ ਹੁੰਦਾ ਹੋਇਆ)* ਕੀ ਝੰਜੋੜੇਂਗਾ ਸਰਪੰਚਾ?

ਧੰਨਾ : *(ਗੁੱਸੇ 'ਚ)* ਉਹਨਾਂ ਨੂੰ ਦਸਾਂਗਾ ਮੈਂ ਜਿੰਦਗੀ 'ਚ ਬਾਜੀ ਨਹੀਂ ਹਾਰੀ, ਸਾਹਨ ਬੰਦਾ ਵਾਂ ਸਾਹਨ। ਮੈਂ ਜਦੋਂ ਲਹੌਰ ਪੜ੍ਹਦਾ ਹੁੰਦਾ ਸੀ ਮੈਂ ਆਪਣੇ ਬਾਪੂ ਨੂੰ ਕਿਹਾ ਸੀ ਮੈਨੂੰ ਭਾਵੇਂ ਪੜ੍ਹਾ ਭਾਵੇਂ ਉਠਾ, ਯਾਰੀ ਮੈਂ ਅਮੀਰ ਮੁੰਡਿਆਂ ਨਾਲ ਈ ਪਾਉਣੀ ਏ। ਉਹ ਦਿਨ ਗਿਐ ਤੇ ਆਹ ਦਿਨ ਆਇਐ ਮੈਂ ਸਾਹਨ ਬਣ ਕੇ ਈ ਰਿਹਾਂ।

ਅਤਰੂ : ਸਰਪੰਚਾ, ਵਕਤ ਬਦਲ ਗਿਐ, ਕਲ੍ਹ ਦੀਆਂ ਗੱਲਾਂ ਅੱਜ ਕਿਥੇ।

ਜਦ ਲੋਕ ਕਹਿੰਦੇ ਸੀ ਬੰਦੇ ਤਾਂ ਟਾਂਵੇ ਟਾਂਵੇ ਈ ਹੁੰਦੇ ਨੇ, ਖੱਚਾਂ ਤਾਂ ਘਰ ਘਰ ਜੰਮਦੀਆਂ ਨੇ।

ਧੰਨਾ : *(ਡੂੰਘਾ ਸਾਹ ਲੈ ਕੇ)* ਤੇਰੀ ਗੱਲ ਸਹੀ ਏ। ਮੈਂ ਕਦੇ ਨਹੀਂ ਸੀ ਸੋਚਿਆ ਕਿ ਆਹ ਦਿਨ ਵੀ ਵੇਖਣੇ ਪੈਣਗੇ। ਕਦੇ ਕਦਰ ਹੁੰਦੀ ਸੀ ਬੰਦੇ ਦੀ ਗੱਲ ਦੀ, ਬੰਦੇ ਦੇ ਅਸੂਲਾਂ ਦੀ, ਬੰਦੇ ਦੇ ਚਾਲ ਚਲਣ ਦੀ......ਹੁਣ ਇੱਕੋ ਤੋਲ ਬੱਸ ਪੈਸਾ ਤੇ ਬਾਕੀ ਗੱਲਾਂ ਗਈਆਂ ਢੱਠੇ ਖੂਹ 'ਚ।

ਅਤਰੂ : ਪੁਰਾਣੇ ਸਮਿਆਂ 'ਚ ਸਿਆਣਿਆਂ ਕਹਿਣਾਂ ਪੈਸੇ ਦੀ ਕਿਹੜੀ ਬਾਹਲੀ ਗੱਲ ਹੁੰਦੀ ਏ। ਪੈਸਾ ਤਾਂ ਕੰਜਰਾਂ ਕੋਲ ਵੀ ਬਥੇਰਾ ਹੁੰਦੈ। ਹੁਣ ਤਾਂ ਪੁੱਠਾ ਗੇੜ ਈ ਸ਼ੁਰੂ ਹੋ ਗਿਐ।

*(ਪਿੱਛੋਂ ਸਿੰਦਰ ਦੀ ਆਵਾਜ਼ ਆਉਂਦੀ ਹੈ)*

ਸਿੰਦਰ ਦੀ ਆਵਾਜ਼ : ਅੱਜ ਕਰਕੇ ਈ ਛੱਡੋ ਨਿਤਾਰਾ ਬੁੱਢੇ ਨਾਲ। ਬਥੇਰੇ ਦਿਨ ਇਹਨੇ ਚੰਮ ਦੀਆਂ ਚਲਾ ਲਈਆਂ।

ਧੰਨਾ : ਉਹ ਆ ਗਏ ਜਾਪਦੇ ਨੇ।

ਅਤਰੂ : ਸੁੱਖ ਨਹੀਂ ਜਾਪਦੀ, ਰੱਬ ਭਲਾ ਈ ਕਰੇ।

*(ਧੰਨਾ ਸਿੰਘ ਦੇ ਦੋ ਮੁੰਡੇ ਦਿਆਲ ਅਤੇ ਕਸ਼ਮੀਰਾ ਆਉਂਦੇ ਹਨ ਅਤੇ ਨਾਲ ਦਿਆਲ ਦੀ ਪਤਨੀ ਸਿੰਦਰ ਕੌਰ ਵੀ ਹੈ)*

ਧੰਨਾ : ਬੜੀ ਦੇਰ ਕਰ ਤੀ ਆਉਂਦੇ ਆਉਂਦੇ। ਮੈਂ ਤਾਂ ਡੀਕ ਡੀਕ ਕੇ ਈ ਥੱਕ ਗਿਆਂ।

ਕਸ਼ਮੀਰਾ : ਗੱਲ ਕੀ ਏ?

ਦਿਆਲ : ਅੱਜ ਸਾਨੂੰ ਬੁਲੌਣ ਦੀ ਕੀ ਲੋੜ ਪੈ ਗਈ ਬਾਪੂ?

ਜੀਤੋ : *(ਆਉਂਦੇ ਹੋਏ)* ਅਪਣਿਆਂ ਨੂੰ ਈ ਬੁਲੌਣਾ ਪੈਂਦੈ, ਬਗਾਨੇ ਨੂੰ ਕੌਣ ਬੁਲੌਂਦੈ।

ਧੰਨਾ : *(ਜੀਤੋ ਨੂੰ)* ਜਾ ਪ੍ਰੀਤੋ ਨੂੰ ਕਹਿ ਚਾਹ ਬਣਾ ਲਏ।

ਕਸ਼ਮੀਰਾ : *(ਰੁੱਖੇਪਣ ਵਿੱਚ)* ਅਸੀਂ ਚਾਹ ਚੂਹ ਨਹੀਂ ਪੀਣ ਆਏ, ਅਸੀਂ ਤਾਂ ਤੇਰੀ ਗੱਲ ਸੁਨਣ ਆਏ ਆਂ।

ਦਿਆਲ : ਬਾਪੂ, ਅੱਜ ਫੁੱਲੀਆਂ ਕਿਉਂ ਪੌਣ ਡਿਹੈਂ। ਸਿੱਧੀ ਤਰ੍ਹਾਂ ਦੱਸ ਸਾਡੇ ਨਾਲ ਕਿਹੜੀ ਸਲਾਹ ਕਰਨੀ ਏ?

ਅਤਰੂ : ਸਰਪੰਚਾ, ਮੁੰਡਿਆਂ ਨੂੰ ਟੀਕਾ ਤਕੜਾ ਭਰ ਕੇ ਲੱਗਾ ਜਾਪਦੈ।

ਸਿੰਦਰ : *(ਗੁੱਸੇ ਨਾਲ ਭੜਕਦੀ ਹੋਈ)* ਕਿਹੜਾ ਟੀਕਾ?

ਅਤਰੂ : ਜਿਹੜਾ ਤੂੰ ਲਾਇਐ।



ਸਿੰਦਰ : ਮੂੰਹ ਸੰਭਾਲ ਕੇ ਗੱਲ ਕਰ ਕੰਮੀਆ।

ਅਤਰੂ : ਮੈਂ ਕੰਮੀ ਆਂ ਸਰਪੰਚ ਦਾ। ਤੁਹਾਨੂੰ ਕੀ ਸਮਝਦਾ ਮੈਂ।

ਸਿੰਦਰ : ਤੇਰਾ ਕੋਈ ਕੰਮ ਨਹੀਂ ਦਖ਼ਲ ਦੇਣ ਦਾ। ਚੁੱਪ ਕਰ ਕੇ ਬੈਠਾ ਰਹੁ ਜੇ ਭਲੀ ਚਾਹੁੰਨਾ ਏਂ।

ਅਤਰੂ : ਨਹੀਂ ਹੁੰਦਾ ਚੁੱਪ।

ਸਿੰਦਰ : ਫਿਰ ਭੌਂਕ ਕੁੱਤਿਆ ਗਲੀ ਗਲੀ।

ਅਤਰੂ : ਕੁੱਤੀ ਤੂੰ ਏਂ ਜਿਹਨੇ ਥਾਂ ਥਾਂ.......

ਧੰਨਾ : *(ਅਤਰੂ ਦੇ ਮੂੰਹ ਤੇ ਹੱਥ ਧਰਦਾ ਹੋਇਆ)* ਤੂੰ ਚੁੱਪ ਦਾ ਦਾਨ ਬਖਸ਼ ਘੜੀ ਅਤਰੂ। ਤੈਨੂੰ ਮੇਰੀ ਸਹੁੰ ਏ ਜੇ ਵਿੱਚੋਂ ਬੋਲਿਆ।

ਅਤਰੂ : ਠੀਕ ਏ, ਲੈ ਲਈਂ ਸ਼ਾਬਾਸ਼ ਇਹਨਾਂ ਤੋਂ, ਮੈਂ ਚੱਲਿਆਂ।

ਧੰਨਾ : *(ਬਾਹੋਂ ਫੜ ਕੇ)* ਬਹਿ ਜਾ ਯਾਰ ਪਰ ਬੋਲੀਂ ਨਾ।

ਅਤਰੂ : ਜੇ ਇਹਨਾਂ ਕੋਈ ਬਕੜਵਾਹ ਕੀਤਾ ਤਾਂ ਮੈਥੋਂ ਚੁੱਪ ਨਹੀਓਂ ਰਹਿਣ ਹੋਣਾਂ। ਤੂੰ ਮੈਨੂੰ ਜਾਣ ਈ ਦੇ, ਮੈਂ ਫੇਰ ਆ ਜਾਵਾਂਗਾ। ਮੈਂ ਤਾਂ ਤੇਰਾ ਪੱਕਾ ਬੰਦਾ ਵਾਂ, ਤੂੰ ਇਹਨਾਂ ਨੂੰ ਪੱਕੇ ਕਰ ਲੈ।

*(ਅਤਰੂ ਚਲਾ ਜਾਂਦਾ ਹੈ)*

ਸਿੰਦਰ : *(ਅਤਰੂ ਬਾਰੇ)* ਗੰਦਾ ਕਿਸੇ ਜਹਾਨ ਦਾ।

ਧੰਨਾ : ਕੁੜੀਏ ਚੁੱਪ ਕਰ ਜਾ, ਹੁਣ ਫਾਲਤੂ ਨਹੀਂ ਬੋਲਣਾ ਕਿਸੇ ਵੀ। ਗੱਲ ਇਸ ਤਰ੍ਹਾਂ ਏ ਕਿ ਇਲੈਕਸ਼ਨ ਸਿਰ ਤੇ ਆ ਗਈ ਏ।

ਦਿਆਲ : ਸਿਰ ਤੇ ਆ ਗਈ ਏ ਤਾਂ ਟੱਕਰਾਂ ਮਾਰੀਏ?

ਧੰਨਾ : ਓ ਮੂਰਖਾ, ਮੇਰੀ ਗੱਲ ਤਾਂ ਸੁਣ ਲੈ.....

ਕਸ਼ਮੀਰਾ : *(ਟੋਕ ਕੇ)* ਕੀ ਗੱਲ ਸੁਣੀਏ। ਇਹੋ ਕਹੇਂਗਾ ਫਿਰ ਸਰਪੈਂਚ ਬਣਾਂ। ਬਾਪੂ, ਤੈਨੂੰ ਸਾਰਾ ਨਕਸ਼ਾ ਸਮਝਾ ਦਈਏ ਪਿੰਡ ਦਾ। ਐਤਕਾਂ ਨਹੀਂ ਪੈਣੀ ਤੈਨੂੰ ਕੋਈ ਵੀ ਵੋਟ ਵੂਟ। ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਏ।

ਧੰਨਾ : ਤੁਸੀਂ ਕੀ ਜਾਣੋ ਇਲੈਕਸ਼ਨ ਕਿਵੇਂ ਲੜੀ ਜਾਂਦੀ ਏ ਤੇ ਕਿਵੇਂ ਜਿੱਤੀ ਜਾ ਸਕਦੀ ਏ। ਮੇਰੇ ਕੋਲ ਬਥੇਰੇ ਦਾਅ ਪੇਚ ਨੇ।

ਕਸ਼ਮੀਰਾ : ਤੇਰੇ ਸਭ ਦਾਅ ਪੇਚ ਐਤਕਾਂ ਖੁੰਡੇ ਹੋ ਜਾਣੇ ਨੇ ਬਾਪੂ।

ਧੰਨਾ : ਮੈਂ ਦਿਲ ਛੱਡਣਾ ਨਹੀਂ ਸਿੱਖਿਆ।

ਦਿਆਲ : ਤੇ ਐਵੇਂ ਭੁਲੇਖਿਆਂ ਦੀ ਦੁਨੀਆਂ 'ਚ ਟੱਕਰਾਂ ਮਾਰਨਾ ਕਿਧਰ ਦੀ ਸਿਆਣਪ ਏ?

**ਧੰਨਾ** : ਮੇਰੀ ਗੱਲ ਸੁਣ ਲਓ ਜਰਾ ਕੰਨ ਖੋਹਲ ਕੇ, ਮੈਂ ਇਲੈਕਸ਼ਨ ਹਰ ਹਾਲ ਲੜਣੀ ਏ।

**ਦਿਆਲ** : ਲੜੀ ਜਾ ਆਪੇ, ਅਸੀਂ ਕਦੋਂ ਡੱਕਦੇ ਆਂ।

**ਧੰਨਾ** : ਤੁਹਾਨੂੰ ਮੇਰਾ ਸਾਥ ਦੇਣਾ ਈ ਪਵੇਗਾ।

**ਕਸ਼ਮੀਰਾ** : ਸਾਥੋਂ ਨਹੀਂ ਕਰੌਣ ਹੁੰਦੀ ਬੇਜਤੀ।

**ਧੰਨਾ** : ਮੈਦਾਨ 'ਚੋਂ ਭੱਜਣ ਨਾਲ ਬੇਜਤੀ ਨਾ ਹੋਏਗੀ?

**ਦਿਆਲ** : ਬਾਪੂ, ਐਤਕਾਂ ਤੇਰਾ ਅਮਰ ਸਿੰਘ ਨਾਲ ਮੁਕਾਬਲਾ ਕੋਈ ਨਹੀਂ।

**ਧੰਨਾ** : ਕਿਉਂ ਨਹੀਂ, ਮੈਂ ਜਿਤਾਂਗਾ।

**ਦਿਆਲ** : ਘਰ ਬੈਠਿਆਂ ਈ ?ਅਮਰ ਸਿੰਘ ਦੇ ਘਰ ਕਿੰਨੇ ਦਿਨਾਂ ਦਾ ਸ਼ਰਾਬ ਦਾ ਦਰਿਆ ਪਿਐ ਵਗਦੈ, ਜਿਹੜਾ ਮਰਜੀ ਚੁੱਭੀ ਮਾਰ ਕੇ ਨਹਾਈ ਜਾਵੇ। ਐਧਰ ਤੇਰੇ ਘਰ ਸੁੰਨੀ ਪਈ ਏ।

**ਧੰਨਾ** : *(ਕੜ੍ਹਕ ਕੇ)* ਇਹ ਸੁੰਨ ਦੂਰ ਕਿਹਨੇ ਕਰਨੀ ਏ?

**ਦਿਆਲ** : ਸਾਨੂੰ ਨਹੀਂ ਪਤਾ, ਅਸੀਂ ਕੁੱਝ ਨਹੀਂ ਕਰ ਸਕਦੇ।

**ਧੰਨਾ** : ਤੁਹਾਨੂੰ ਕੁੱਝ ਕਰਨਾ ਹੀ ਪਵੇਗਾ, ਹਰ ਇੱਕ ਦੇ ਹਿੱਸੇ ਖਰਚਾ ਪਾਉਣਾ ਈ ਪਏਗਾ।

**ਸਿੰਦਰ** : ਜੇ ਅਸੀਂ ਖਰਚਾ ਨਾ ਦਈਏ ਤਾਂ?

**ਧੰਨਾ** : ਆਹ 'ਜੇ' ਕਿਧਰੋਂ ਆ ਗਈ? ਤੂੰ ਖਰਚਾ ਨਹੀਂ ਭਰੇਂਗੀ ਤਾਂ ਰਹਿਣੈਂ ਕਿਥੇ ਇਹ ਗੱਲ ਕਹਿ ਕੇ।

**ਸਿੰਦਰ** : ਅਪਣੇ ਘਰ, ਹੋਰ ਕਿਥੇ।

**ਦਿਆਲ** : ਬਾਪੂ, ਮੇਰੀ ਆਮਦਨ ਦਾ ਸਾਧਨ ਮੇਰੀ ਸਰਵਿਸ ਏ। ਘਰਾਂ ਦੇ ਸੌ ਖਰਚੇ ਨੇ, ਅਪਣਾ ਝੱਟ ਪਤਾ ਨਹੀਂ ਕਿਵੇਂ ਲੰਘੌਂਦੇ ਪਏ ਆਂ। ਸੌ ਦੀ ਇੱਕ ਗੱਲ ਸੁਣ ਲੈ ਬਾਪੂ, ਇਲੈਕਸ਼ਨ ਦਾ ਖਰਚਾ ਸਾਥੋਂ ਨਹੀਂ ਦਿੱਤਾ ਜਾਣਾ।

**ਧੰਨਾ** : ਕਿਉਂ ਨਹੀਂ ਦਿੱਤਾ ਜਾਣਾ, ਮੌਤ ਪੈ ਗਈ ਏ ਤੁਹਾਨੂੰ?

**ਕਸ਼ਮੀਰਾ** : ਬਾਪੂ, ਹੁਣ ਤੂੰ ਬਜੁਰਗ ਹੋ ਗਿਐਂ, ਆਹ ਉਮਰ ਸਰਪੈਂਚੀ ਕਰਨ ਦੀ ਨਹੀਂ। ਹੁਣ ਤੂੰ ਮਾਲਾ ਰੱਖ ਕੋਲ, ਮਣਕੇ ਘੁੰਮਾਈ ਜਾਇਆ ਕਰ ਤੇ ਭਜਨ ਬੰਦਗੀ ਕਰਿਆ ਕਰ ਰੱਬ ਦੀ।

**ਧੰਨਾ** : ਤੂੰ ਮੈਨੂੰ ਇੰਜ ਮੱਤਾਂ ਦੇ ਰਿਹੈਂ ਜਿਵੇਂ ਮੈਂ ਦੁੱਧ ਪੀਂਦਾ ਬੱਚਾ ਵਾਂ।

**ਕਸ਼ਮੀਰਾ** : ਬੱਚੇ ਤੇ ਬੁੱਢੇ ਇੱਕੋ ਵਰਗੇ ਹੁੰਦੇ ਨੇ। ਬੁਢਾਪੇ ਵਿੱਚ ਸੁੱਧ ਬੁੱਧ ਘੱਟ ਈ ਕੰਮ ਕਰਦੀ ਏ ਤੇ ਉਹ ਬੱਚਾ ਈ ਬਣ ਜਾਂਦੇ।

**ਧੰਨਾ** : ਮੇਰਾ ਫੈਸਲਾ ਵੀ ਸੁਣ ਲਓ ਮੈਂ ਇਲੈਕਸ਼ਨ ਲੜਾਂਗਾ ਵੀ ਜ਼ਰੂਰ



ਤੇ ਜਿਤਾਂਗਾ ਵੀ ਜ਼ਰੂਰ। ਅੱਜ ਤੀਕ ਪਿੰਡ ਦੇ ਸਾਰੇ ਬੰਦੇ ਮੇਰੀ ਮੰਜੀ ਦੀ ਪੈਂਦ ਵੱਲ ਆ ਕੇ ਬਹਿੰਦੇ ਰਹੇ ਨੇ। ਅਮਰੂ ਮੇਰੀ ਗੁਲਾਮੀ ਕਰਦਾ ਰਿਹੈ ਤੇ ਅਪਣੇ ਜੀਂਦੇ ਜੀਅ ਉਹਨੂੰ ਸਰਪੰਚ ਬਣਨ ਦਿਆਂ? ਮੈਂ ਉਸ ਬੰਦੇ ਦੀ ਪੈਂਦ ਵੱਲ ਜਾ ਕੇ ਬੈਠਿਆ ਕਰਾਂਗਾ? ਮੈਂ ਮਰ ਨਾ ਜਾਵਾਂਗਾ?

**ਦਿਆਲ** : ਹਰ ਬੰਦੇ ਨੇ ਕਦੇ ਨਾ ਕਦੇ ਤਾਂ ਮਰਨਾ ਈ ਏ। ਦਿਨ ਚੜ੍ਹਦਾ ਏ ਤੇ ਰਾਤ ਪੈ ਜਾਂਦੀ ਏ। ਵਕਤ ਨਾਲ ਹਰ ਸ਼ੈਅ ਬਦਲ ਜਾਂਦੀ ਏ।

**ਧੰਨਾ** : ਪਰ ਸਰਦਾਰ ਧੰਨਾ ਸਿੰਘ ਸਦਾ ਬਹਾਰ ਸਰਪੰਚ ਏ। ਤੁਹਾਨੂੰ ਦੋਵਾਂ ਨੂੰ ਇਸ ਕਰਕੇ ਬੁਲਾਇਐ ਕਿ ਤੁਸੀਂ ਦੋਵੇਂ ਪੰਝੀ ਪੰਝੀ ਹਜ਼ਾਰ ਇਲੈਕਸ਼ਨ ਵਾਸਤੇ ਤਿਆਰ ਰੱਖਿਓ।

**ਸਿੰਦਰ** : *(ਉੱਚੀ ਆਵਾਜ਼ ਵਿੱਚ)* ਕਿਥੋਂ ਲਿਆਈਏ ਪੰਝੀ ਹਜਾਰ?

**ਧੰਨਾ** : ਮੈਨੂੰ ਨਹੀਂ ਪਤਾ।

**ਸਿੰਦਰ** : ਸਾਡੇ ਕੋਲ ਨਹੀਂ ਹੈਗੇ ਤਾਂ ਕਿਧਰੇ ਡਾਕਾ ਮਾਰੀਏ?

**ਧੰਨਾ** : *(ਅਣਸੁਣੀ ਕਰਦਾ ਹੋਇਆ)* ਮੈਂ ਜਲੰਧਰ ਨੂਰੇ ਨੂੰ ਵੀ ਸੁਨੇਹਾ ਭੇਜ ਦਿੱਤੈ ਪੰਝੀ ਹਜਾਰ ਦਾ।

**ਸਿੰਦਰ** : ਉਹਨੂੰ ਭਾਵੇਂ ਪੰਜਾਹ ਹਜਾਰ ਭਰਨਾ ਪਵੇ, ਉਹ ਤਾਂ ਭਰ ਈ ਦੇਵੇਗਾ।

**ਧੰਨਾ** : ਕਿਉਂ, ਉਹਨੂੰ ਹਰਾਮ ਦੀ ਕਮਾਈ ਏ?

**ਸਿੰਦਰ** : ਹੋਰ ਕੀ। ਪੂਰੇ ਛੇ ਸਾਲ ਪੰਝੀ ਕਿੱਲਿਆਂ ਦੀ ਕਮਾਈ ਖਾ ਗਿਐ ਤੇ ਫਿਰ ਚਲਾ ਗਿਐ ਸ਼ਹਿਰ ਤੇ ਬਣ ਗਿਐ ਲੱਖਪਤੀ। ਬਣਿਆ ਤਾਂ ਸਾਂਝੀ ਕਮਾਈ ਕਰਕੇ ਈ।

**ਧੰਨਾ** : ਉਹ ਜ਼ਮੀਨ ਦੀ ਕਮਾਈ ਖਾ ਗਿਐ ਤੇ ਤੂੰ ਖਾ ਗਈ ਬੀਰ ਦੀ ਦਸ ਸਾਲ ਦੀ ਕਮਾਈ।

*(ਸਿੰਦਰ ਲੋਹੀ ਲਾਖੀ ਹੋ ਜਾਂਦੀ ਹੈ)*

**ਸਿੰਦਰ** : ਕਿਸ ਕੰਜਰ ਨੇ ਬੀਰ ਦੀ ਕਮਾਈ ਖਾਧੀ ਤੇ ਕਿਹੜਾ ਕੰਜਰ ਕਹਿੰਦਾ ਏ?

**ਧੰਨਾ** : ਤੂੰ ਖਾ ਗਈ ਉਹਦੀ ਕਮਾਈ। ਉਹ ਲੇਲਾ ਤੇਰੇ ਮਗਰ ਲੱਗ ਗਿਐ। ਸਾਨੂੰ ਮਾਂ ਪਿਓ ਨੂੰ ਓਹਨੇ ਜੀਂਦੇ ਈ ਮਾਰ ਛੱਡਿਐ। ਸਾਨੂੰ ਉਹ ਚਿੱਠੀ ਨਹੀਂ ਪਾਂਦਾ, ਪੈਸੇ ਨਹੀਂ ਘਲਦਾ। ਅਪਣੀ ਸਾਰੀ ਕਮਾਈ ਤੇਰੇ ਘਰ ਭੇਜੀ ਜਾਂਦੈ।

**ਸਿੰਦਰ** : *(ਦਿਆਲ ਨੂੰ)* ਆਹ ਵੇਖ ਲੈ, ਬੁੱਢਾ ਕੀ ਬੋਲੀ ਜਾਂਦੈ.....

**ਧੰਨਾ** : ਖਬਰਦਾਰ, ਜੇ ਮੈਨੂੰ ਬੁੱਢਾ ਕਿਹੈ।

**ਸਿੰਦਰ** : ਹੋਰ ਤੈਨੂੰ ਜਵਾਨ ਆਖਾਂ ?ਲੱਤਾਂ ਤੇਰੀਆਂ ਕਬਰਾਂ 'ਚ ਪਈਆਂ ਨੇ ਅਜੇ ਤੱਕ ਸਾਡੀ ਜਾਨ ਨਹੀਂ ਛੱਡਦਾ।

**ਧੰਨਾ** : ਜ਼ਿਆਦਾ ਬਕ ਬਕ ਕੀਤੀ ਤਾਂ ਬੇਦਖਲ ਕਰ ਦਿਆਂਗਾ।

**ਦਿਆਲ** : ਕਰ ਬੇਦਖਲ ਇੱਕ ਵਾਰ, ਫੇਰ ਵੇਖੀਂ ਭਾਣਾ ਕੀ ਵਾਪਰਦੈ।ਤੇਰਾ ਵੀ ਨਾਲ ਈ ਭੋਗ ਪਾ ਕੇ ਛੱਡਾਂਗਾ।

**ਧੰਨਾ** : ਬੇਸ਼ਰਮਾਂ, ਡੁੱਬ ਕੇ ਮਰ ਜਾ ਚੱਪਣੀ 'ਚ ਨੱਕ ਡੋਬ ਕੇ।ਜਨਾਨੀ ਤੇਰੇ ਕੰਟਰੋਲ 'ਚ ਨਹੀਂ ਰਹੀ।ਤੂੰ ਕਮਾਈ ਕਰਦੈਂ ਤੇ ਆਹ ਵਿਹਲੀ ਮੱਝ ਛੜਾਂ ਮਾਰਦੀ ਫਿਰਦੀ ਏ.....ਤੁਸੀਂ ਬੀਰ ਨੂੰ ਪੱਟਤਾ।

**ਦਿਆਲ** : ਸਾਡਾ ਪਿਆਰ ਤਾਂ ਰਾਮ ਭਰਤ ਵਾਲਾ ਏ।ਤੈਨੂੰ ਕਿਉਂ ਵੱਟ ਪੈਣੈਂ ਸ਼ੁਰੂ ਹੋ ਗਿਐ ?

**ਕਸ਼ਮੀਰਾ** : ਬਾਪੂ, ਤੂੰ ਲਾਜ ਕਰਾ ਕਿਸੇ ਸਿਆਣੇ ਜਿਹੇ ਡਾਕਟਰ ਤੋਂ, ਨਹੀਂ ਤਾਂ ਤੇਰਾ ਦਿਮਾਗ ਜਲਦੀ ਖਰਾਬ ਹੋ ਜਾਣੈਂ।

**ਧੰਨਾ** : ਦਿਮਾਗ ਤਾਂ ਤੁਹਾਡਾ ਚੱਟਿਆ ਗਿਐ ਬੇਸ਼ਰਮਾਂ ਦਾ।ਤੁਸੀਂ ਕੰਜਰ ਹੋ ਪਹਿਲੇ ਨੰਬਰ ਦੇ ਕੰਜਰ।

**ਸਿੰਦਰ** : *(ਚੋਟ ਮਾਰਦੀ ਹੋਈ)* ਕੰਜਰ ਦੇ ਕੰਜਰ ਈ ਹੋਣਗੇ।

**ਧੰਨਾ** : ਚੁੱਪ ਕਰ ਜਾ ਕੰਜਰੀਏ।ਤੈਨੂੰ ਕਰਦਾਂ ਸੂਤ......

*(ਧੰਨਾ ਡਾਂਗ ਫੜ ਲੈਂਦਾ ਹੈ ਪਰ ਸਿੰਦਰ ਫੁਰਤੀ ਨਾਲ ਡਾਂਗ ਖੋਹ ਲੈਂਦੀ ਹੈ।ਸਿੰਦਰ ਦੇ ਚਪੇੜ ਮਾਰਨ ਲੱਗਦਾ ਹੈ ਪਰ ਉਹ ਧੰਨੇ ਦੀ ਬਾਂਹ ਫੜ ਲੈਂਦੀ ਹੈ)*

**ਸਿੰਦਰ** : ਜਿਹੜੀ ਚਪੇੜ ਚਾਰ ਸਾਲ ਪਹਿਲਾਂ ਮਾਰੀ ਸੀ ਤੂੰ, ਉਹਦੀ ਭਾਜੀ ਮੋੜੀ ਨਹੀਂ ਤੇ ਤੂੰ ਫਿਰ ਚਪੇੜ ਮਾਰਨ ਨੂੰ ਆ ਗਿਐਂ।

**ਧੰਨਾ** : *(ਕਸ਼ਮੀਰੇ ਨੂੰ)* ਇਸ ਬਦਮਾਸ਼ ਔਰਤ ਨੂੰ ਮੇਰੇ ਘਰੋਂ ਬਾਹਰ ਕੱਢ ਦੇ।ਮੈਂ ਇਹਦੀ ਸ਼ਕਲ ਨਹੀਂ ਵੇਖਣਾ ਚਾਹੁੰਦਾ।

**ਕਸ਼ਮੀਰਾ** : ਬਾਪੂ, ਤੈਨੂੰ ਫਿਰ ਕਹਿਣਾਂ, ਤੂੰ ਲਾਜ ਕਰਾ ਕਿਸੇ ਸਿਆਣੇ ਜਿਹੇ ਡਾਕਟਰ ਤੋਂ।

**ਸਿੰਦਰ** : ਬੁੱਢਾ ਮੇਰੇ ਹੱਥੀਂ ਪੈਂਦੈ, ਇਹਨੂੰ ਸ਼ਰਮ ਨਹੀਂ ਆਉਂਦੀ।ਇਹਦੀ ਕੁੜੀ ਨਾਲ ਭਲਕੇ ਉਹਦਾ ਸਹੁਰਾ ਕਰੇਗਾ ਨਾ ਇਵੇਂ ਤੇ ਫਿਰ ਪਤਾ ਲੱਗੂ ਕੀ ਭਾਅ ਵਿਕਦੀ ਏ।

**ਧੰਨਾ** : ਤੂੰ ਪਰੀਤੋ ਨਾਲ ਰਲ ਗਈ ? ਉਹਦੇ ਪੈਰਾਂ ਵਰਗੀ ਨਹੀਂ ਤੂੰ।ਉਹ ਦੇਵੀ ਏ ਦੇਵੀ ਤੇ ਤੂੰ ਏਂ ਭੂਤਨੀ।ਕੁੱਤੇ ਘਰਾਣੇ ਦੀ......



**ਸਿੰਦਰ** : ਓਦੋਂ ਤੈਨੂੰ ਘਰਾਣਾ ਚੰਗਾ ਲੱਗਦਾ ਸੀ ਜਦ ਮੇਰੇ ਪਿਓ ਕੋਲੋਂ ਪੰਜਾਹ ਹਜਾਰ ਕੈਸ਼ ਲੈ ਲਿਆ ਸੀ......ਬੰਦੇ ਦਾ ਪੁੱਤਰ ਏਂ ਤਾਂ ਸੁੱਟ ਮੇਰਾ ਪੰਜਾਹ ਹਜਾਰ।

**ਧੰਨਾ** : ਤੂੰ ਬੀਰ ਦੇ ਖਾ ਗਈ ਲੱਖਾਂ ਦੇ ਲੱਖ ਬਦਮਾਸ਼ੇ।

**ਦਿਆਲ** : ਬੁੱਢਿਆ! ਅੱਜ ਤੂੰ ਮੇਰੇ ਕੋਲੋਂ ਕੋਈ ਖੱਟੀ ਨਾ ਖੱਟ ਬੈਠੀਂ।

**ਕਸ਼ਮੀਰਾ** : ਬਾਪੂ, ਡਾਕਟਰ ਤੋਂ ਦਵਾਈ ਲੈ ਕੇ ਖਾਹ।

**ਧੰਨਾ** : ਤੁਸੀਂ ਸਾਰੇ ਸ਼ਰਮ ਦੀ ਦਵਾਈ ਖਾਓ।

**ਸਿੰਦਰ** : *(ਦਿਆਲ ਤੇ ਕਸ਼ਮੀਰੇ ਨੂੰ)* ਚੱਲ ਚਲੀਏ, ਵੇਖ ਲਾਂਗੇ ਆਹ ਬੁੱਢਾ ਕੀ ਕਰਦੈ।ਬੰਦੇ ਦਾ ਛਿੱਤਰ ਕੈਮ ਹੋਵੇ ਤਾਂ ਸਾਰੇ ਵਲ ਵਿੰਗ ਨਿਕਲ ਜਾਂਦੇ ਨੇ ਵੱਡੇ ਵੱਡੇ ਚੋਬਰਾਂ ਦੇ।

**ਧੰਨਾ** : ਨਿਕਲ ਜਾਓ ਕੁੱਤਿਓ।

*(ਤਿੰਨੇ ਜਾਂਦੇ ਹਨ)*

**ਜੀਤੋ** : ਹੋਰ ਬੁਲਾ ਲੈ ਇਹਨਾਂ ਨੂੰ।

*(ਅਤਰੂ ਆਉਂਦਾ ਹੈ)*

**ਅਤਰੂ** : ਇਹਨਾਂ ਤਿਲਾਂ 'ਚ ਤੇਲ ਨਹੀਂ ਹੈਗਾ ਸਰਪੰਚਾ।ਕੀ ਸੋਚ ਰਿਹੈਂ ?

**ਧੰਨਾ** : *(ਨਿਰਉਤਸ਼ਾਹ ਹੁੰਦਾ ਹੋਇਆ)* ਕੁੱਝ ਨਹੀਂ......ਮੁੰਡੇ ਮਰ ਗਏ.....ਤੁਰਦੀਆਂ ਫਿਰਦੀਆਂ ਲਾਸ਼ਾਂ.....ਮੈਂ ਆਖਰੀ ਜੰਗ ਬੁਰੀ ਤਰ੍ਹਾਂ ਹਾਰ ਗਿਆ।ਮੈਂ ਹਾਰ ਗਿਆ ਲੋਕੋ! ਮੈਂ ਹਾਰ ਗਿਆ ਲੋਕੋ!!

*(ਰੋ ਪੈਂਦਾ ਹੈ ਅਤੇ ਹਨੇਰਾ ਹੋ ਜਾਂਦਾ ਹੈ)*

## ਦ੍ਰਿਸ਼ ਚੌਥਾ

*(ਧੰਨਾ ਦਿਨੇ ਹੀ ਸੁਫਨੇ ਲੈ ਰਿਹਾ ਹੈ, ਸੁਫਨੇ ਵਿੱਚ ਬਿਸਤਰੇ ਤੇ ਬੈਠਾ ਹੈ)*

ਧੰਨਾ : *(ਬੀਰ ਨੂੰ ਵੇਖ ਕੇ)* ਪੁੱਤਰ ਬੀਰ, ਆ ਗਿਐਂ ?

ਬੀਰ : ਆਹੋ ਬਾਪੂ, ਮੱਥਾ ਟੇਕਦਾਂ।

ਧੰਨਾ : *(ਮੱਥਾ ਚੁੰਮਦਾ ਹੋਇਆ ਅਤੇ ਗਲਵਕੜੀ ਪਾਉਂਦਾ ਹੋਇਆ)* ਆ ਪੁੱਤਰ, ਸ਼ੁਕਰ ਏ ਤੂੰ ਆ ਗਿਐਂ। ਤੇਰਾ ਰਾਹ ਵੇਖਦੇ ਵੇਖਦੇ ਜਮਾਨਾ ਬਦਲ ਗਿਐ। ਰੱਬ ਅੱਗੇ ਇਹੋ ਅਰਦਾਸਾਂ ਕਰਦਾ ਰਿਹਾਂ "ਬੀਰ ਦੇ ਔਣ ਤੱਕ ਮੇਰੀ ਜਾਨ ਨਾ ਕੱਢੀਂ। ਉਹ ਆ ਕੇ ਮਿਲ ਪਏ, ਕਾਲਜੇ ਠੰਡ ਪੈ ਜਾਏ। ਇਹ ਬੁੱਢੀਆਂ ਅੱਖਾਂ ਮੇਰੇ ਪੁੱਤਰ ਦਾ ਚੰਨ ਵਰਗਾ ਚਿਹਰਾ ਵੇਖ ਲੈਣ। ਫੇਰ ਭਾਵੇਂ ਰੱਬਾ ਇੱਕ ਮਿੰਟ ਨਾ ਦੇਈਂ ਜੀਣ ਵਾਸਤੇ।"
*(ਰੋ ਪੈਂਦਾ ਹੈ)*

ਬੀਰ : ਬਾਪੂ ਰੋ ਨਾ। ਮੈਂ ਤੇਰਾ ਪੁੱਤਰ, ਤੇਰਾ ਲਾਡਲਾ ਬੀਰ ਤੇਰੇ ਕੋਲ ਆ ਗਿਆਂ। ਹੁਣ ਪਰਵਾਹ ਨਾ ਕਰੀਂ ਲੰਡੇ ਸ਼ੇਰ ਦੀ। ਖਾ ਪੀ ਤੇ ਐਸ਼ ਕਰ, ਨੋ ਐਸ਼ ਵਿਦੋਟ ਕੈਸ਼। ਜਿੰਨਾ ਮਰਜ਼ੀ ਖਰਚ ਕਰ, ਨੋ ਨੀਡ ਟੂ ਵਰੀ ਐਟ ਆਲ।

ਧੰਨਾ : ਇਹ ਖੁਸ਼ੀ ਦੇ ਹੰਝੂ ਨੇ ਪੁੱਤਰ। ਤੂੰ ਘਰ ਆ ਗਿਐਂ, ਲਹਿਰਾਂ ਬਹਿਰਾਂ ਹੋ ਗਈਆਂ। ਮੈਂ ਘਰ 'ਚ ਕੱਲਾ ਈ ਆਹ ਬਿਸਤਰੇ ਤੇ ਪਿਆ-ਪਿਆ ਅੱਕ ਗਿਆਂ। ਨਾ ਕਦੇ ਦਿਆਲ ਆਇਐ ਤੇ ਨਾ ਹੀ ਕਦੇ ਕਸ਼ਮੀਰੇ ਨੇ ਸ਼ਕਲ ਵਿਖਾਈ ਏ। ਤੇਰੀ ਮਾਂ ਤੇ ਤੇਰੀ ਛੋਟੀ ਭੈਣ ਪਰੀਤੋ ਮੈਨੂੰ ਦਿਲਾਸਾ ਦਿੰਦੀਆਂ ਰਹੀਆਂ ਕਿ ਬੀਰ ਜ਼ਰੂਰ ਆਵੇਗਾ।

ਬੀਰ : ਬੇਬੇ ਦਾ ਕੀ ਹਾਲ ਏ ਤੇ ਪਰੀਤੋ ਕਿਥੇ ਵੇ ?

ਧੰਨਾ : ਪਿਛਲੇ ਕਮਰੇ 'ਚ ਨੇ ਦੋਵੇਂ ਈ। ਪੁੱਤਰ ਕਿਸੇ ਸ਼ਰੀਕ ਦੇ ਢਹੇ ਨਾ ਚੜ੍ਹ ਬੈਠੀਂ।

ਬੀਰ : ਬਾਪੂ, ਮੈਂ ਤਾਂ ਤੇਰੇ ਕਹੇ 'ਚ ਰਹਾਂਗਾ। ਤੇਰੇ ਤੋਂ ਬਿਨਾਂ ਕਿਸੇ ਹੋਰ ਦੀ ਮਾਸਾ ਪਰਵਾਹ ਨਹੀਂ ਕਰਦਾ।



ਧੰਨਾ : ਪੁੱਤਰ, ਇੱਕ ਹੋਰ ਜ਼ਰੂਰੀ ਗੱਲ ਸੁਣ। ਤੇਰੀ ਛੋਟੀ ਭੈਣ ਪਰੀਤੋ ਕਿੰਨੀ ਚੰਗੀ ਏ, ਕਿੰਨਾ ਖਿਆਲ ਰੱਖਦੀ ਏ ਮੇਰਾ।

ਬੀਰ : ਉਹ ਤਾਂ ਬਾਹਲੀ ਚੰਗੀ ਏ। ਬਾਪੂ, ਤੂੰ ਚੌਧਰ ਵੀ ਤਾਂ ਉਹਦੇ ਸਿਰ ਤੇ ਕਰ ਗਿਐਂ। ਮੈਨੂੰ ਯਾਦ ਏ ਘਰ ਪੰਦਰਾਂ ਪੰਦਰਾਂ ਵੀਹ ਵੀਹ ਬੰਦਿਆਂ ਨੇ ਔਣਾ ਤੇ ਪਰੀਤੋ ਨੇ ਮਿੰਟੋ ਮਿੰਟੀ ਰੋਟੀਆਂ ਲੋਹ ਤੇ ਲਾਹ ਕੇ ਥਾਲੀਆਂ 'ਚ ਪਰੋਸ ਦੇਣੀਆਂ।

ਧੰਨਾ : *(ਖੁਸ਼ੀ ਭਰੀ ਹੈਰਾਨੀ ਵਿੱਚ)* ਤੈਨੂੰ ਸਭ ਯਾਦ ਏ ? ਤੂੰ ਮੇਰਾ ਪੁੱਤਰ ਏਂ, ਤਾਂ ਈ ਨਹੀਂ ਭੁੱਲਿਆ ਪਰੀਤੋ ਦੀ ਕੁਰਬਾਨੀ। ਹੁਣ ਤੂੰ ਉਹਦਾ ਵਿਆਹ ਗੱਜ ਵੱਜ ਕੇ ਕਰ।

ਬੀਰ : ਬਾਪੂ, ਪਰੀਤੋ ਦੇ ਵਿਆਹ ਦੀ ਡੇਟ ਫਾਈਨਲ ਕਰ ਲੈ। ਪੈਸਾ ਸਾਉਣ ਦੇ ਮੀਂਹ ਵਾਂਗੂੰ ਵਰ੍ਹਾ ਦਿਆਂਗਾ। ਗਰੈਂਡ ਸ਼ੋਅ ਹੋਵੇਗਾ, ਪੂਰੇ ਇਲਾਕੇ 'ਚ ਧੁੰਮਾਂ ਪੈਣਗੀਆਂ। ਅਮੈਰਿਕਾ ਤੋਂ ਮੇਰੇ ਯਾਰ, ਦੋਸਤ ਸਭ ਆਉਣਗੇ। ਫੇਰ ਵੇਖਣਾਂ ਕਿਵੇਂ ਚਲਦੀ ਏ ਚੀਅਰਸ, ਚੀਅਰਸ। ਪਰੀਤੋ ਨੂੰ ਪੁੱਛ ਲੈ ਉਹਨੇ ਕਾਰ ਲੈਣੀ ਏ ਕਿ ਮੋਟਰ ਸਾਇਕਲ ?

ਧੰਨਾ : ਉਸ ਵਿਚਾਰੀ ਨੇ ਕੀ ਮੰਗਣੈ। ਲੋਕਾਂ ਦੀਆਂ ਕੁੜੀਆਂ ਸੌ ਟਸ਼ਨੇ ਮਸ਼ਨੇ ਕਰਦੀਆਂ ਨੇ, ਪਰ ਤੇਰੀ ਭੈਣ ਨੇ ਕਦੇ ਇਹ ਨਹੀਂ ਕਿਹਾ ਮੈਨੂੰ ਫਲਾਣਾ ਸੂਟ ਲੈ ਕੇ ਦਿਓ। ਜੋ ਲਿਆ ਕੇ ਦੇ ਦੇਵਾਂ, ਉਸ ਸਤਿਨਾਮ ਵਾਹਿਗੁਰੂ ਕਹਿ ਕੇ ਪਾ ਲੈਣੇਂ। ਘਰ ਘਰ ਜੰਮਣ ਇਹੋ ਜਿਹੀਆਂ ਸਾਊ ਧੀਆਂ।

ਬੀਰ : ਮਾਈ ਸਿਸਟਰ ਇਜ਼ ਗਰੇਟ।

ਧੰਨਾ : ਪੁੱਤਰ, ਇਹ ਦੱਸ ਕਿੰਨੇ ਕੁ ਪੈਸੇ ਲੈ ਕੇ ਆਇਐਂ ? ਮੈਨੂੰ ਅਮਰੀਕਾ ਵਾਲੇ ਮੁੰਡਿਆਂ ਨੇ ਦੱਸਿਆ ਸੀ ਕਿ ਬੀਰ ਬਿਸਤਰੇ ਤੇ ਨੋਟ ਖਲਾਰ ਦੇਵੇ ਤਾਂ ਬਿਸਤਰਾ ਖ਼ਤਮ ਹੋ ਜਾਊ ਪਰ ਨੋਟ ਨਹੀਂ ਖ਼ਤਮ ਹੋਣੇ।

ਬੀਰ : ਨੋਟਾਂ ਦੀ ਕੋਈ ਪਰੋਬਲਮ ਨਹੀਂ। ਬਾਪੂ, ਬੀ ਹੈਪੀ, ਖੁਸ਼ ਹੋ। ਤੇਰਾ ਪੁੱਤਰ ਡਾਲਰਾਂ 'ਚ ਖੇਡਦੈ। ਆਹ ਸਾਰੇ ਡਾਲਰ ਤੇਰੇ ਨੇ ਬਾਪੂ।

ਧੰਨਾ : *(ਅਥਾਹ ਖੁਸ਼ੀ ਵਿੱਚ)* ਵੀਹ ਪੰਝੀ ਲੱਖ ਤਾਂ ਤੇਰੇ ਕੋਲ ਹੋਣਗੇ ?

ਬੀਰ : ਬਾਪੂ, ਵੀਹ ਪੰਝੀ ਲੱਖ ਕੀ ਚੀਜ਼ ਹੁੰਦੀ ਏ ?

ਧੰਨਾ : *(ਲਲਕਾਰਾ ਮਾਰ ਕੇ)* ਅਮਰ ਸਿੰਘ ਲੰਡੂ ਵੀ ਕਿਹੜੀ ਚੀਜ਼ ਏ। ਸਾਲਾ ਮੇਰਾ ਸਰਪੰਚੀ ਦੇ ਸੁਫਨੇ ਲੈਂਦਾ ਫਿਰਦੈ। ਮੇਰਾ ਦਿਲ ਕਹਿੰਦਾ ਸੀ, ਮੇਰਾ ਬੀਰ ਮੇਰੀ ਮਦਦ ਕਰਨ ਜ਼ਰੂਰ ਆਏਗਾ, ਪੰਡ ਨੋਟਾਂ

ਦੀ ਲਿਆਏਗਾ। ਅਮਰ ਸਿੰਹਾਂ, ਤਕੜਾ ਹੋ ਜਾ। ਮਲ ਲੈ ਤੇਲ, ਕਰਾ ਲੈ ਮਾਲਸ਼ ਤਾਰੇ ਕਾਣੇ ਤੋਂ। ਹੁਣ ਪਤਾ ਲੱਗੂ ਜਦ ਕੁੰਢੀਆਂ ਦੇ ਸਿੰਗ ਫਸ ਗਏ। ਹੁਣ ਸੂਰਜ ਫਿਰ ਮੇਰੇ ਘਰ ਈ ਚੜ੍ਹੇਗਾ। ਤੂੰ ਲੱਖ ਪਾਰਟੀਆਂ ਕਰ ਲੈ ਲੋਕਾਂ ਦੀਆਂ। ਮੇਰੀ ਇੱਕੋ ਪਾਰਟੀ ਹੂੰਝਾ ਫੇਰ ਦੇਵੇਗੀ। ਸੌ ਸੁਨਿਆਰ ਦੀ, ਇੱਕ ਲੋਹਾਰ ਦੀ। ਮੈਂ ਭੰਬੀਰੀਆਂ ਘੁੰਮਾ ਦਿਆਂਗਾ ਤੇਰੇ ਵਾਲੀਆਂ।

*(ਜੀਤੋ ਆ ਕੇ ਧੰਨੇ ਨੂੰ ਹਲੂਣਦੀ ਹੈ ਅਤੇ ਨਾਲ ਹੀ ਧੰਨੇ ਦਾ ਸੁਫਨਾ ਖ਼ਤਮ ਹੋ ਜਾਂਦਾ ਹੈ। ਉਹ ਲਾਲ ਅੱਖਾਂ ਕੱਢ ਕੇ ਡੋਰ ਭੋਰ ਹੋਇਆ ਆਸੇ ਪਾਸੇ ਵੇਖਦਾ ਹੈ)*

ਬੀਰ ਕਿਥੇ ਵੇ ?

ਜੀਤੋ : ਹਰ ਵੇਲੇ ਬੀਰ ਬੀਰ ਕਰਨੈਂ। ਗੱਲਾਂ ਕੀਹਦੇ ਨਾਲ ਕਰਦਾ ਪਿਆ ਸੀ ?

ਧੰਨਾ : ਅਪਣੇ ਬੀਰ ਨਾਲ। ਆਹ ਸੁਫਨਾ ਸੀ *(ਪਰੇਸ਼ਾਨ ਜਿਹਾ ਹੋ ਜਾਂਦਾ ਹੈ)* ਸੁਫਨਾ ਬੜਾ ਵਧੀਆ ਆਉਂਦਾ ਪਿਆ ਸੀ। ਮੇਰਾ ਬੀਰ ਮੇਰੀਆਂ ਬਾਹਵਾਂ ਵਿੱਚ......ਮੇਰੇ ਤੱਪਦੇ ਦਿਲ ਨੂੰ ਠਾਰ ਗਿਐ......ਮੇਰੇ ਸਾਰੇ ਜਖ਼ਮਾਂ ਤੇ ਮਲਮ ਲਾ ਤੀ ਉਹਨੇ। ਬੜੀਆਂ ਪਿਆਰੀਆਂ ਪਿਆਰੀਆਂ ਗੱਲਾਂ ਕੀਤੀਆਂ ਉਹਨੇ....ਉਹਦਾ ਮੂੰਹ ਗੁਲਾਬ ਦੇ ਫੁੱਲ ਵਾਂਗੂੰ ਖਿੜਿਆ ਪਿਆ ਸੀ.....

*(ਧੰਨਾ ਰੋ ਪੈਂਦਾ ਹੈ। ਉਸਨੂੰ ਰੋਂਦੇ ਵੇਖ ਕੇ ਜੀਤੋ ਵੀ ਰੋ ਪੈਂਦੀ ਹੈ। ਧੰਨਾ ਡੂੰਘਾ ਸਾਹ ਲੈ ਕੇ ਫਿਰ ਬਿਸਤਰੇ ਤੇ ਬੈਠ ਜਾਂਦਾ ਹੈ)*

ਜੀਤੋ : ਪੁੱਤ ਕਪੁੱਤ ਤਾਂ ਹੋ ਸਕਦੇ ਨੇ ਪਰ ਮਾਪੇ ਕਿਵੇਂ ਹੋਣ। ਬੁਢਾਪੇ 'ਚ ਨਹੀਂ ਬਾਤ ਪੁੱਛਦੇ ਤਾਂ ਨਾ ਸਹੀ। ਰਾਜੀ ਰਹਿਣ ਅਪਣੀ ਅਪਣੀ ਥਾਂ।

ਧੰਨਾ : ਕੋਈ ਗੱਲ ਕਰਨ ਵਾਲੀ ਰਹਿ ਈ ਨਹੀਂ ਗਈ। ਸਾਡਾ ਬਾਪੂ ਆਪ ਸਾਰਾ ਦਿਨ ਵਿਹਲਾ ਲੰਬੜਦਾਰੀ ਕਰਦਾ ਫਿਰਦਾ ਸੀ, ਉਲਟਾ ਸਾਨੂੰ ਮਾਰ ਕੁੱਟ ਵੀ ਲੈਂਦਾ ਸੀ। ਸਾਡੀ ਕੀ ਮਜਾਲ ਸੀ ਉਹਦੇ ਅੱਗੇ ਕੁਸਕ ਵੀ ਸਕੀਏ ਤੇ ਹੁਣ ਆਹ ਪਨੀਰੀ ਕਾਅਦੀ ਆ ਗਈ ਇਹਨਾਂ ਨੂੰ ਗਲਤ ਕੰਮ ਕਰਨੋਂ ਰੋਕੋ ਸਹੀ, ਹਲਕੇ ਕੁੱਤੇ ਵਾਂਗੂੰ ਪੈਂਦੇ ਨੇ।

ਜੀਤੋ : ਇਹਨਾਂ ਦੀਆਂ ਕੀਤੀਆਂ ਇਹਨਾਂ ਅੱਗੇ ਈ ਔਣੀਆਂ ਨੇ ਕਲ੍ਹ ਨੂੰ। ਇਹਨਾਂ ਦੇ ਨਿਆਣਿਆਂ ਨੇ ਇਹਨਾਂ ਨੂੰ ਵੇਖੀਂ ਕਿਵੇਂ ਧੱਕੇ



ਮਾਰ ਮਾਰ ਘਰੋਂ ਬਾਹਰ ਕੱਢਣਾ ਏ, ਫੇਰ ਇਹਨਾਂ ਨੂੰ ਯਾਦ ਔਣੀ ਏ ਸਾਡੀ।

ਧੰਨਾ : ਰੋਣਗੇ ਕਰਮਾਂ ਨੂੰ ਸਿਰ ਹੱਥ 'ਚ ਫੜ੍ਹ ਕੇ। ਫਿਰ ਇਹਨਾਂ ਬੁੱਧੂਆਂ ਦੀ ਹੋਸ਼ ਟਿਕਾਣੇ ਆਏਗੀ। ਇਹਨਾਂ ਦੀ ਸੜ ਗਈ ਅਕਲ। ਆਪਣੇ ਦਿਆਲ ਵੱਲ ਈ ਵੇਖ, ਬੀ.ਏ. ਪਾਸ ਕਰਵਾਈ। ਪੰਡ ਨੋਟਾਂ ਦੀ ਦੇ ਕੇ ਬੈਂਕ 'ਚ ਨੌਕਰੀ ਲਵਾਇਆ ਤੇ ਚੜ੍ਹ ਗਿਐ ਜਨਾਨੀ ਦੇ ਢਹੇ। ਜਨਾਨੀ ਦੇ ਪੱਲੇ ਹੈ ਕੀ ? ਨਖਿੱਧ ਔਰਤ ਪੰਜ ਜਮਾਤਾਂ ਪੜ੍ਹੀ ਏ ਤੇ ਬੀ.ਏ. ਪਾਸ ਮੁੰਡੇ ਦੀਆਂ ਗੋੜੀਆਂ ਕਢਾਉਂਦੀ ਫਿਰਦੀ ਏ।

ਜੀਤੋ : ਜਿੱਦਣ ਦਾ ਸਿੰਦਰ ਕੌਰ ਨੇ ਸਾਡੇ ਘਰ ਪੈਰ ਪਾਇਐ, ਸਾਡਾ ਕੰਮ ਥੱਲੇ ਦਾ ਥੱਲੇ ਈ ਗਿਐ। ਇਹਨੇ ਘਰ 'ਚ ਫੁੱਟ ਪਾ ਤੀ। ਕਾਨਾ ਕਾਨਾ ਕਰ ਦਿੱਤੈ ਇਸ ਚੁੜੇਲ ਨੇ ਵੱਸਦੇ ਟੱਬਰ ਨੂੰ।

ਧੰਨਾ : ਸਿਆਣੇ ਠੀਕ ਈ ਕਹਿੰਦੇ ਨੇ ਘਰ ਕੋਈ ਮਾੜਾ ਜੰਮ ਨਾ ਪਏ ਤੇ ਬਾਹਰੋਂ ਕੋਈ ਮਾੜਾ ਆ ਨਾ ਜਾਏ।

ਜੀਤੋ : ਏਸ ਜਨਾਨੀ ਨੇ ਘਰ ਦੀਆਂ ਗੱਲਾਂ ਬਾਹਰ ਸਾਡੇ ਦੁਸ਼ਮਣਾਂ ਨੂੰ ਦੱਸੀਆਂ। ਘਰਾਂ ਦੇ ਸੌ ਪਰਦੇ ਹੁੰਦੇ ਨੇ।

ਧੰਨਾ : ਘਰ ਦਾ ਭੇਤੀ ਲੰਕਾ ਢਾਹੇ।

*(ਡੂੰਘਾ ਸਾਹ ਲੈਂਦਾ ਹੈ)*

ਜੀਤੋ : ਕੀ ਹੋਇਐ, ਬੜਾ ਡੂੰਘਾ ਜਿਹਾ ਸਾਹ ਲਿਐ ?

ਧੰਨਾ : ਸ਼ੁਕਰ ਕਰ, ਸਾਹ ਤਾਂ ਆ ਰਿਹੈ ਨਾ।

ਜੀਤੋ : ਰੱਬ ਰੱਬ ਕਰਿਆ ਕਰੋ।

ਧੰਨਾ : ਪਤਾ ਨਹੀਂ ਪਿਛਲੇ ਜਨਮ 'ਚ ਕਿਹੜੇ ਮਾੜੇ ਕਰਮ ਕਰ ਬੈਠੇ ਆਂ ਜਿਹਦਾ ਫਲ ਭੁਗਤਦੇ ਪਏ ਆਂ। ਤੈਨੂੰ ਯਾਦ ਹੋਣੈਂ ਕਿੰਨੀ ਰੌਣਕ ਹੁੰਦੀ ਸੀ ਐਸ ਘਰ 'ਚ। ਮੇਰੇ ਯਾਰਾਂ ਬੇਲੀਆਂ ਨੇ ਆ ਕੇ ਦੋ ਦੋ ਘੰਟੇ ਤਾਸ਼ ਖੇਡਣੀ ਤੇ ਹੁਣ.....ਸਾਰੇ ਮੁੱਖ ਮੋੜ ਗਏ। ਸਭ ਟੁਰ ਗਏ ਲਾਮਾਂ ਨੂੰ.......ਇਸੇ ਵਿਹੜੇ 'ਚ ਹੁਣ ਸੁੰਨ ਪਈ ਰਹਿੰਦੀ ਏ।

*(ਅਤਰੂ ਆਉਂਦਾ ਹੈ)*

ਅਤਰੂ, ਤੈਨੂੰ ਵੀ ਮੇਰੇ ਘਰ ਦਾ ਰਾਹ ਭੁੱਲ ਗਿਐ ?

ਅਤਰੂ : ਸਰਪੈਂਚਾ, ਮੈਂ ਚੌਵੀ ਘੰਟੇ ਤਾਂ ਤੇਰੇ ਨਾਲ ਬੱਝ ਨਹੀਂ ਨਾ ਸਕਦਾ। ਬਾਕੀ ਦਿਲ ਨਹੀਂ ਦੂਰ ਹੋਣਾ ਚਾਹੀਦਾ।

ਧੰਨਾ : ਅਤਰੂ, ਹੁਣ ਤਾਂ ਦੁਨੀਆਂ ਬਗਾਨੀ ਬਗਾਨੀ ਜਿਹੀ ਲੱਗਦੀ ਏ। ਸੂਰਜ ਚੜ੍ਹਦਾ ਏ ਤਾਂ ਉਹਦੀ ਧੁੱਪ ਦੀ ਰੰਗਤ ਵੀ ਫਿੱਕੀ-ਫਿੱਕੀ ਜਾਪਦੀ ਏ। ਉਹ ਸਾਹਮਣੇ ਗੁਲਾਬ ਦੇ ਫੁੱਲ ਨੇ, ਸਾਰੇ ਫੁੱਲ ਥੋੜ੍ਹੇ ਸਮੇਂ ਬਾਦ ਮੁਰਝਾ ਜਾਣਗੇ।

ਅਤਰੂ : ਆਹ ਗੱਲਾਂ ਤੇਰੀਆਂ ਕੁੱਝ ਡੂੰਘੀਆਂ ਡੂੰਘੀਆਂ ਜਿਹੀਆਂ ਜਾਪਦੀਆਂ ਨੇ, ਖਾਨੇ 'ਚ ਨਹੀਂ ਪੈਂਦੀਆਂ। ਬਾਕੀ ਹੌਂਸਲਾ ਨਹੀਂ ਹਾਰਨਾ ਚਾਹੀਦਾ ਸਰਪੈਂਚਾ। ਮੈਂ ਨਹੀਂ ਪਰਵਾਹ ਕਰਦਾ ਕਿਸੇ ਖੰਨੀ ਖਾਨ ਦੀ, ਭਾਵੇਂ ਸਿਰ ਤੋਂ ਗੱਡਾ ਲੰਘ ਜਾਏ। ਸ਼ਾਮਾਂ ਨੂੰ ਸੁੱਟਿਆ ਕਰ ਪਾਈਆ ਅੰਦਰ, ਰਾਤ ਆਪੇ ਲੰਘ ਜਾਊ ਤੇ ਦਿਨੇ ਫੇਰ ਵੇਖੀ ਜਾਊ।

ਧੰਨਾ : ਤੂੰ ਬੜਾ ਲਾਪਰਵਾਹ ਬੰਦਾ ਏਂ।

ਅਤਰੂ : ਬੰਦਾ ਦੁਨੀਆਂ ਤੇ ਖਾਲੀ ਆਇਆ ਤੇ ਖਾਲੀ ਹੱਥੀਂ ਤੁਰ ਜਾਣੈ। ਐਵੇਂ ਐਵੇਂ ਸੋਚ ਸੋਚ ਅਪਣੀ ਮਿਆਦ ਪਹਿਲਾਂ ਕਿਉਂ ਮੁਕਾ ਲਈਏ। ਸਰਪੈਂਚਾ, ਪੈਸੇ ਹੋਰ ਭੇਜੇ ਨੇ ਬੀਰ ਨੇ.....

ਧੰਨਾ : ਕਿਹਨੂੰ ?

ਅਤਰੂ : ਸਿੰਦਰ ਕੌਰ ਨੂੰ।

ਧੰਨਾ : *(ਨਿਰਾਸ਼ਾ ਵਿੱਚ)* ਹੈਂ ?

ਅਤਰੂ : ਆਹੋ। ਹੈਰਾਨ ਹੋ ਗਿਐਂ ?

ਧੰਨਾ : ਨਹੀਂ, ਫਿਰ ਵੀ ਮੇਰਾ ਮਨ.....

ਅਤਰੂ : ਖਰਾਬ ਹੋ ਗਿਐ ਏ ਨਾ ? ਉਸ ਤੀਵੀਂ ਨੂੰ ਪੁੱਛ ਕੇ ਵੇਖੋ ਜਿਹਦੀ ਅੱਡੀ ਨਹੀਂ ਸੀ ਲਗਦੀ ਜਮੀਨ ਤੇ।

ਧੰਨਾ : ਤੂੰ ਉਹਨੂੰ ਕਿੱਥੇ ਵੇਖਿਐ ?

ਅਤਰੂ : ਪਟਿਆਲਾ ਬੈਂਕ ਵਿੱਚ, ਮੈਂ ਪੈਨਸ਼ਨ ਲੈਣ ਗਿਆ ਸੀ, ਉਹਨੇ ਦੋ ਲੱਖ ਦਾ ਡਰਾਫਟ ਜਮ੍ਹਾਂ ਕਰਵਾਇਐ। ਪੁੱਛਦੀ ਸੀ ਕੈਸ਼ ਕਦੋਂ ਹੋ ਕੇ ਆਏਗਾ ਤਾਂ ਬਊ ਕਹਿੰਦੈ ਦਸ ਦਿਨ ਤੋਂ ਵਧ ਨਹੀਂ ਲਗਦੇ। ਅੱਜ ਤਾਂ ਉਹਦੀ ਟੌਹਰ ਵੇਖਣ ਵਾਲੀ ਸੀ। ਬੈਂਕ ਦੇ ਸਾਰੇ ਬਊ ਬਿਟ ਬਿਟ ਉਹਦੇ ਵੱਲ ਐਂ ਤੱਕੀ ਜਾਂਦੇ ਸੀ ਜਿਵੇਂ ਕਦੇ ਉਹਨਾਂ ਜਨਾਨੀ ਨਹੀਂ ਵੇਖੀ ਹੁੰਦੀ। ਕੱਲੀ ਨੇ ਸਾਰੇ ਬੈਂਕ 'ਚ ਤੜਫੂਲ ਪਾਇਆ ਸੀ।

ਧੰਨਾ : ਜਿਥੇ ਜਾਂਦੀ ਏ, ਇਹੋ ਲੀਲਾ ਲਾਉਂਦੀ ਏ ਡੈਣ।

ਅਤਰੂ : ਸਰਪੈਂਚਾ, ਤੈਨੂੰ ਤਾਂ ਖਾ ਗਈ ਇਹ ਡੈਣ।



ਧੰਨਾ : ਹੂੰਅ।

ਅਤਰੂ : ਇੱਕ ਹੋਰ ਗੱਲ ਸੁਣ। ਉਹ ਕਹਿੰਦੀ ਸੀ ਘਰ ਵੱਡਾ ਜਿਹਾ ਹਾਲ ਕਮਰਾ ਬਣਾਉਣੈਂ, ਜਿਹਦੇ ਵਿੱਚ ਖੰਡ ਪਾਠ ਹੋ ਸਕਦਾ ਹੋਵੇ, ਜਨਮ ਦਿਨ ਦੀ ਪਾਲਟੀ ਹੋ ਸਕਦੀ ਹੋਵੇ। ਕਹਿੰਦੀ ਸੀ ਚਾਰ ਜੀਅ ਕੱਠੇ ਹੋਣ ਤਾਂ ਮੌਜ ਮੇਲਾ ਕਰਨ ਲਈ ਤਾਂ ਐਡਾ ਕਮਰਾ ਤਾਂ ਹੋਣਾ ਈ ਚਾਹੀਦੈ।

ਧੰਨਾ : ਬਣਾ ਲਏ ਜਿੱਡਾ ਮਰਜੀ ਮਹੱਲ। ਅੰਨੇ ਹੱਥ ਬਟੇਰ ਲੱਗੀ ਏ ਜੋ ਮਰਜੀ ਕਰੀ ਜਾਏ।

ਅਤਰੂ : ਕਿਤੇ ਚੰਗੇ ਕਰਮ ਕਰ ਬੈਠੀ ਏ ਪਿਛਲੇ ਜਨਮ ਦੇ। ਹਰ ਵੇਲੇ ਉਹਦਾ ਗੁੜ 'ਚ ਰੰਬਾ ਰਹਿੰਦੈ। ਉਹਦੀ ਸਹੇਲੀ ਪੰਮੋ ਦੱਸਦੀ ਸੀ ਸਿੰਦਰ ਕੋਲ ਕੋਈ ਚਾਲੀ ਸੂਟ ਨੇ। ਮਹੀਨਾ ਕੁ ਸੂਟ ਪੌਂਦੀ ਏ ਤੇ ਫੇਰ ਲਾਹ ਕੇ ਪੱਕੇ ਤੌਰ ਤੇ ਸਫਾਈ ਕਰਨ ਵਾਲੀ ਬੰਤੀ ਨੂੰ ਦੇ ਦੇਂਦੀ ਏ।

ਧੰਨਾ : ਇਹਦਾ ਹਸ਼ਰ ਬਹੁਤ ਬੁਰਾ ਹੋਏਗਾ ਅਤਰੂ।

ਅਤਰੂ : ਦੇ ਦਿੱਤੇ ਸਰਾਪ ?

ਧੰਨਾ : ਮੇਰਾ ਸਰਾਪ ਉਹਨੂੰ ਜ਼ਰੂਰ ਲੱਗੇਗਾ। ਉਹ ਸਾਨੂੰ ਤੜਫਾ ਰਹੀ ਏ ਨਾ, ਇੱਕ ਦਿਨ ਉਹ ਵੀ ਤੜਫੇਗੀ ਟੀਟਣੇ ਮਾਰ ਮਾਰ ਕੇ।

ਅਤਰੂ : ਸਿਆਣੇ ਕਹਿੰਦੇ ਨੇ ਜਿਹੋ ਜਿਹਾ ਬੀਜੋਗੇ, ਤਿਹਾ ਵੱਢੋਗੇ। ਆਹ ਗੱਲ ਤਾਂ ਹੋ ਨਹੀਂ ਜਾਣੀ ਕਿ ਦਰਖ਼ਤ ਕਿੱਕਰ ਦਾ ਲਾਇਆ ਹੋਏ ਤੇ ਆਸ ਕੀਤੀ ਜਾਏ ਕਿ ਉਹਦੇ ਤੇ ਮੋਟੇ ਮੋਟੇ ਨਾਗਪੁਰ ਵਾਲੇ ਸੰਤਰੇ ਲੱਗ ਜਾਣ।

ਧੰਨਾ : ਇਸ ਜਨਾਨੀ ਨੇ ਪਿੰਡ 'ਚ ਮੇਰੀ ਚੌਧਰ ਖ਼ਤਮ ਕਰਵਾ ਤੀ.....

ਅਤਰੂ : ਸਰਪੈਂਚਾ, ਅਮਰ ਸਿੰਘ ਨੂੰ ਸਿੰਦਰ ਕੌਰ ਨੇ ਆਪ ਕਿਹੈ ਤੂੰ ਖੜ੍ਹਾ ਹੋ ਸਰਪੈਂਚੀ ਤੇ, ਅਸੀਂ ਤੇਰੇ ਪਿੱਛੇ ਆਂ।

ਧੰਨਾ : ਲੱਖ ਲਾਹਣਤ ਏ ਇਹਦੇ ਜੰਮਣ ਤੇ।

ਅਤਰੂ : ਮੈਨੂੰ ਆਹ ਵੀ ਪਤਾ ਲੱਗੈ ਬੀਰ ਜਲਦੀ ਆ ਰਿਹੈ ਅਮਰੀਕਾ ਤੋਂ। ਉਹ ਅੱਜ ਬੈਂਕ 'ਚ ਗੱਲ ਕਰਦੀ ਸੀ।

ਧੰਨਾ : *(ਉਤਸੁਕਤਾ ਨਾਲ)* ਉਹ ਆ ਰਿਹੈ ?

ਅਤਰੂ : ਪਰ ਉਹ ਜਾਏਗਾ ਸਿੱਧਾ ਸਿੰਦਰ ਕੌਰ ਦੇ ਘਰ। ਤੇਰੇ ਘਰ ਉਹਨੂੰ ਕਿਹਨੇ ਔਣ ਦੇਣੈਂ।

ਧੰਨਾ : ਇਹ ਨਹੀਂ ਹੋ ਸਕਦਾ, ਆਖਰਕਾਰ ਉਹ ਮੇਰਾ ਪੁੱਤਰ ਏ.....

ਅਤਰੂ : *(ਵਿਅੰਗ ਨਾਲ)* ਆਹ ਦਿਆਲ ਤੇ ਉਹ ਪੇਟੂ ਕਸ਼ਮੀਰਾ ਵੀ ਤੇਰੇ ਸਪੁੱਤਰ ਨੇ।

ਧੰਨਾ : ਉਹ ਕਪੁੱਤਰ ਨੇ ਕਪੁੱਤਰ। ਬੀਰ ਮੈਨੂੰ ਮਿਲਣ ਜ਼ਰੂਰ ਆਵੇਗਾ ਤੇ ਮੈਂ ਉਹਨੂੰ ਸਮਝਾਵਾਂਗਾ। ਉਹ ਮੇਰੀ ਗੱਲ ਜ਼ਰੂਰ ਮੰਨੇਗਾ।

ਅਤਰੂ : ਭੋਲੀਆਂ ਗੱਲਾਂ ਕਰਦੈਂ ਸਰਪੈਂਚਾ। ਜਦ ਬੰਦਾ ਇਸ਼ਕ ਦੇ ਮੈਦਾਨ 'ਚ ਜਾਂਦੈ ਤਾਂ ਉਹ ਅੰਨ੍ਹਾ ਹੋ ਜਾਂਦੈ। ਮੈਂ ਸਾਰੇ ਕਿੱਸੇ ਪੜ੍ਹੇ ਨੇ ਆਸ਼ਕਾਂ ਦੇ। ਆਸ਼ਕੀ ਪੱਠੇ ਅਸਮਾਨ ਤੋਂ ਤਾਰੇ ਤੋੜਨ ਦੀਆਂ ਗੱਲਾਂ ਕਰਦੇ ਨੇ। ਉਹਦੇ ਰਾਹ 'ਚ ਕੰਧ ਵੀ ਆ ਜਾਏ ਤਾਂ ਉਹ ਕੰਧ ਨੂੰ ਵੀ ਟੱਕਰ ਈ ਮਾਰੇਗਾ, ਮਗਰੋਂ ਭਾਵੇਂ ਅਪਣਾ ਸਿਰ ਈ ਪੜ੍ਹਵਾ ਬੈਠੇ।

ਧੰਨਾ : ਪਰ ਮੇਰਾ ਦਿਲ ਕਹਿੰਦਾ ਏ ਉਹ ਸਿੰਦਰ ਦੇ ਜਾਲ ਵਿੱਚੋਂ ਜ਼ਰੂਰ ਨਿਕਲੇਗਾ ਤੇ ਆਖਰ ਅਪਣੇ ਘਰ ਆਏਗਾ।

ਅਤਰੂ : ਆਏਗਾ ਜ਼ਰੂਰ, ਪਰ ਆਏਗਾ ਓਦੋਂ ਜਦ ਕਹਾਣੀ ਦਾ ਦੂਸਰਾ ਸਿਰਾ ਆ ਗਿਐ।

ਧੰਨਾ : ਰੋਵੇਗਾ ਢਾਵਾਂ ਮਾਰ ਮਾਰ ਕੇ।

ਅਤਰੂ : ਤੇ ਜਮਾਨਾ ਦੰਦੀਆਂ ਕੱਢੇਗਾ ਉਹਦੇ ਵੱਲ ਵੇਖ ਵੇਖ ਕੇ।

*(ਅਤਰੂ ਦੇ ਇਹ ਸ਼ਬਦ ਆ ਰਹੇ ਅਮਰ ਸਿੰਘ ਨੇ ਸੁਣ ਲਏ ਹਨ। ਉਹਦਾ ਚਿਹਰਾ ਗੁੱਸੇ ਨਾਲ ਲਾਲ ਹੋਇਆ ਪਿਆ ਹੈ, ਇੰਜ ਲੱਗਦਾ ਹੈ ਜਿਵੇਂ ਉਹ ਧੰਨਾ ਸਿੰਘ ਦੇ ਗਲ ਪੈਣ ਦੀ ਤਿਆਰੀ ਕਰ ਕੇ ਆਇਆ ਹੋਵੇ)*

ਅਮਰ : ਜਮਾਨਾ ਤੇਰੇ ਵੱਲ ਵੇਖ ਵੇਖ ਦੰਦੀਆਂ ਕੱਢਦਾ ਪਿਐ ਧੰਨਾਂ ਸਿੰਹਾਂ।

ਧੰਨਾ : ਕਲ੍ਹ ਤੱਕ ਮੈਨੂੰ ਸਰਪੰਚ ਸਾਹਬ ਕਹਿੰਦੇ ਤੇਰੀ ਜਬਾਨ ਨਹੀਂ ਸੀ ਥੱਕਦੀ ਤੇ ਅੱਜ ਜੇ ਤੂੰ ਇਲੈਕਸ਼ਨ 'ਚ ਖੜ੍ਹਾ ਹੋ ਗਿਐਂ ਤਾਂ ਤੈਨੂੰ ਬੋਲਣ ਦੀ ਤਮੀਜ ਈ ਨਹੀਂ ਰਹੀ।

ਅਮਰ : ਤੈਨੂੰ ਸਰਪੈਂਚ ਸਾਹਬ ਕਿਵੇਂ ਆਖ ਦੇਵਾਂ ? ਤੂੰ ਸਰਪੈਂਚ ਕਹੌਣ ਦੇ ਲੈਕ ਈ ਨਹੀਂ, ਜਮਾਂ ਈ ਲੈਕ ਨਹੀਂ।

ਧੰਨਾ : ਤੂੰ ਕੀ ਜਾਣੇਂ ਫਰਕ ਲਾਇਕੀ ਤੇ ਨਲੈਕੀ ਵਿਚਲਾ।

ਅਮਰ : ਕੀ ਮਤਲਬ ?

ਅਤਰੂ : ਇਹਨੂੰ ਸਮਝਾ ਮਤਲਬ ਬਰੀਕ ਅਕਲ ਵਾਲੇ ਨੂੰ। ਕਲ੍ਹ ਨੂੰ ਇਹਨੇ ਪਿੰਡ ਦੀ ਸਰਪੈਂਚੀ ਕਰਨੀ ਏ।

ਅਮਰ : ਹੋਰ ਕਰਨੀ ਨਹੀਂ ?



ਧੰਨਾ : ਤੂੰ ਸਰਪੰਚ ਬਣ ਵੀ ਜਾਏਂ ਤਾਂ ਵੀ ਅਕਲ ਵੱਲੋਂ ਤਾਂ ਖੋਤਾ ਈ ਰਹੇਂਗਾ। ਲੋਕ ਤੈਨੂੰ ਸਰਪੰਚ ਬਣਾ ਕੇ ਪੰਜ ਸਾਲ ਪਛਤਾਂਦੇ ਰਹਿਣਗੇ।

ਅਮਰ : ਉਹਨਾਂ ਕੀ ਪਛਤਾਣੈਂ। ਪਛਤਾਵੇ ਵਿੱਚ ਤਾਂ ਤੂੰ ਮਰ ਚੱਲਿਐਂ ਜਿਹਦੇ ਹੱਥੋਂ ਚੌਧਰ ਨਿਕਲਦੀ ਪਈ ਏ।

ਅਤਰੂ : ਅਮਰ ਸਿੰਹਾਂ, ਸਰਪੰਚ ਧੰਨਾ ਸਿੰਘ ਨੇ ਬਥੇਰੀ ਵਾਰ ਲੱਡੂ ਖਾ ਕੇ ਵੇਖੇ ਨੇ ਸਰਪੈਂਚੀ ਦੇ, ਐਤਕਾਂ ਤੂੰ ਖਾ ਕੇ ਵੇਖ ਲੈ।

ਅਮਰ : ਤੇ ਤੂੰ ਵੀ ਖਾ ਲਈਂ ਲੱਡੂ। ਤੇਰੇ ਲੱਡੂ ਇਹਦੀ ਸਰਪੈਂਚੀ ਜਾਣ ਨਾਲ ਮੁੱਕ ਗਏ ਅਤਰੂ। ਮੈਂ ਟੌਹਰ ਨਾਲ ਸਰਪੈਂਚੀ ਕੁੱਟਣੀ ਏ ਤੇ ਸਾਰਿਆਂ ਤੋਂ ਪਹਿਲਾਂ ਮੈਂ ਤੇਰਾ ਮੱਕੂ ਠਪਾਂਗਾ ਅਤਰੂ।

ਅਤਰੂ : ਕਿਹੜਾ ਕੰਜਰ ਮੇਰਾ ਮੱਕੂ ਠੱਪ ਸਕਦੈ ? ਮੈਂ ਜਾਦ ਪੰਛੀ ਆਂ ਜਾਦ ਪੰਛੀ।

ਅਮਰ : ਤੈਨੂੰ ਪੱਕਾ ਈ ਜਾਦ ਕਰ ਦਿਆਂਗਾ, ਮੈਂ ਤੇਰੇ ਖੰਭ ਤੋੜ ਕੇ ਛੱਡਾਂਗਾ।

ਅਤਰੂ : ਨਾ ਤੂੰ ਮੈਨੂੰ ਪਿੰਡੋਂ ਬਾਹਰ ਕਢਾ ਦੇਵੇਂਗਾ ?

ਅਮਰ : ਤੇਰਾ ਇਹ ਸ਼ੌਂਕ ਵੀ ਪੂਰਾ ਕਰ ਦਿਆਂਗਾ *(ਰੋਅਬ ਨਾਲ)* ਬੰਦਾ ਬਣ ਜਾ ਨਹੀਂ ਤਾਂ......

ਅਤਰੂ : ਮੈਂ ਸਾਨ੍ਹ ਬੰਦਾ ਵਾਂ ਸਾਨ੍ਹ। ਮੇਰੇ ਵੱਲ ਅੱਖਾਂ ਪਾੜ ਪਾੜ ਕੇ ਨਾ ਵੇਖ।

ਅਮਰ : ਤੈਨੂੰ ਮੇਰੇ ਥੱਲੇ ਲੱਗ ਕੇ ਕੰਮ ਕਰਨਾ ਪਊ।

ਅਤਰੂ : ਤੇਰੇ ਥੱਲੇ ? ਮੂੰਹ ਵੇਖ ਖਾਂ ਜਰਾ ਸ਼ੀਸ਼ੇ ਵਿੱਚ। ਅੱਖਾਂ 'ਚ ਪਾਈਆ ਪਾਈਆ ਗਿੱਧ ਫਸੀ ਏ ਤੇਰੇ। ਕਲ੍ਹ ਤੱਕ ਜੂੰਆਂ ਤੇਰੇ ਸਿਰ 'ਚ ਕਬੱਡੀ ਖੇਡਦੀਆਂ ਰਹੀਆਂ। ਚਾਰ ਪੈਸੇ ਕੀ ਆ ਗਏ ਅਮਰੀਕਾ ਤੋਂ, ਅਕਲ ਤਾਂ ਨਹੀਂ ਆ ਗਈ ਅਮਰੀਕਾ ਤੋਂ।

*(ਅਮਰ ਸਿੰਘ, ਅਤਰੂ ਦੀਆਂ ਸਿੱਧੀਆਂ ਠਾਹ ਠਾਹ ਕਰਦੀਆਂ ਗੱਲਾਂ ਅੱਗੇ ਦੰਦ ਪੀਸਦਾ ਈ ਰਹਿ ਜਾਂਦਾ ਹੈ। ਹੁਣ ਉਹ ਅਪਣੀ ਗੱਲ ਦਾ ਰੁੱਖ ਧੰਨਾ ਸਿੰਘ ਵੱਲ ਕਰਦਾ ਹੈ)*

ਅਮਰ : *(ਧੰਨੇ ਨੂੰ)* ਐਤਕਾਂ ਲੈਕਸ਼ਨ 'ਚ ਖੜ੍ਹਾ ਨਹੀਂ ਹੋਇਆ ?

ਧੰਨਾ : ਮੇਰੀ ਮਰਜੀ, ਨਹੀਂ ਖੜ੍ਹਾ ਹੋਇਆ। ਬਥੇਰੀਆਂ ਇਲੈਕਸ਼ਨਾਂ ਲੜੀਆਂ ਤੇ ਢੋਲ ਵਜਾ ਕੇ ਜਿੱਤੀਆਂ।

**ਅਮਰ** : ਜੇ ਪਿਓ ਦਾ ਪੁੱਤਰ ਏਂ ਤਾਂ ਐਤਕਾਂ ਨਜ਼ਾਰਾ ਵੇਖ। ਤੇਰੀ ਜਮਾਨਤ ਜਬਤ ਨਾ ਹੋਈਂ ਤਾਂ ਮੇਰਾ ਨਾਂ ਬਦਲ ਦੇਈਂ।

**ਧੰਨਾ** : ਛੇ ਵਾਰ ਤਾਂ ਮੈਨੂੰ ਕੋਈ ਹਰਾ ਨਾ ਸਕਿਆ। ਤੇਰੇ ਜਿਹੇ ਬਥੇਰੇ ਗੰਗੂ ਭਾਗੂੰ ਮੈਂ ਲਤਾੜ ਕੇ ਰੱਖ ਦਿੱਤੇ।

**ਅਮਰ** : ਅਖ਼ੀਰਲੀ ਘੋਲ ਵੀ ਕਰਕੇ ਵੇਖ ਲੈ।

**ਅਤਰੂ** : ਤੂੰ ਘੋਲ ਸਵਾਹ ਕਰਦਾ ਪਿਐਂ। ਤੂੰ ਤਾਂ ਨੋਟਾਂ ਦੀਆਂ ਦੱਥੀਆਂ ਵੰਡੀਆਂ ਨੇ। ਲੋਕ ਵਿਕ ਗੇ ਤੇਰੇ ਪੈਸੇ ਤੇ। ਤੈਨੂੰ ਆਪਣੀ ਲਿਆਕਤ ਤੇ ਤਬਾਰ ਹੁੰਦਾ ਤਾਂ ਪੈਸਾ ਕਿਉਂ ਰੋੜਦਾ?

**ਅਮਰ** : *(ਅਤਰੂ ਨੂੰ)* ਬਕ ਬਕ ਨਾ ਕਰ ਕੰਮੀਆ, ਮੇਰੀ ਗੱਲ ਤੇਰੇ ਨਾਲ ਨਹੀਂ *(ਧੰਨਾ ਸਿੰਘ ਨੂੰ)* ਮੈਨੂੰ ਤੇਰੇ ਤੇ ਗੁੱਸਾ ਏ।

**ਅਤਰੂ** : ਕਿਉਂ ਧੰਨਾ ਸਿੰਘ ਨੇ ਤੇਰੀ ਕਿਹੜੀ ਗਧੀ ਖੋਹਲ ਲਿਆਂਦੀ ਏ?

**ਅਮਰ** : *(ਸੁਣੀ ਨੂੰ ਅਣਸੁਣੀ ਕਰਦਾ ਹੋਇਆ)* ਧੰਨਿਆ, ਜੇ ਤੂੰ ਖੜ੍ਹਨਾ ਨਹੀਂ ਸੀ ਤਾਂ ਮੈਨੂੰ ਸੁਨੇਹਾ ਘੱਲ ਦਿੰਦਾ। ਮੈਂ ਧਰਮਸ਼ਾਲਾ ਵਾਸਤੇ ਪੰਜਾਹ ਹਜਾਰ ਦੇ ਬੈਠਾਂ। ਕਿੰਨੇ ਬੰਦੇ ਮੇਰੇ ਕੋਲੋਂ ਪੈਸੇ ਲੈ ਗਏ। ਮੇਰੇ ਘਰ ਸੱਤ ਦਿਨ ਵਿਸਕੀ ਚਲਦੀ ਰਹੀ ਤੇ ਤਿੰਨ ਤਿੰਨ ਵੰਨਗੀਆਂ ਦਾ ਮੀਟ ਉੱਡਦਾ ਰਿਹੈ। ਮੈਨੂੰ ਜਾੜ ਕੇ ਰੱਖ ਦਿੱਤੈ ਐਸ ਲੈਕਸ਼ਨ ਨੇ।

**ਅਤਰੂ** : ਲੋਕਾਂ ਤੈਨੂੰ ਚੰਗਾ ਬੁੱਧੂ ਬਣਾਇਐ। ਸਰਪੈਂਚ ਬਣ ਕੇ ਵੀ ਤੂੰ ਬੁੱਧੂ ਈ ਰਹਿਣੈਂ। ਸਿਆਣੇ ਕਹਿੰਦੇ ਨੇ ਜਿਹੜੇ ਲਾਹੌਰ ਵੀ ਬੁੱਧੂ, ਉਹ ਪਿਸ਼ੌਰ ਵੀ ਬੁੱਧੂ।

**ਅਮਰ** : ਧੰਨਾ ਸਿੰਹਾਂ, ਤੈਨੂੰ ਜ਼ਰੂਰ ਸਬਕ ਸਿਖਾਵਾਂਗਾ।

**ਧੰਨਾ** : *(ਗੁੱਸੇ ਵਿੱਚ)* ਆਹ ਮੂੰਹ ਤੇ ਮਸਰਾਂ ਦੀ ਦਾਲ। ਤੂੰ ਤਾਂ ਬੰਦਾ ਈ ਬੜਾ ਕ੍ਰਿਤਘੀਣ ਏਂ। ਜਿੰਨੇ ਪਰਉਪਕਾਰ ਮੈਂ ਤੇਰੇ ਤੇ ਕੀਤੇ, ਤੂੰ ਇੱਕ ਵਾਰ ਮੁੜ ਜੰਮ ਪਵੇਂ ਤਾਂ ਵੀ ਮੇਰੇ ਉਪਕਾਰਾਂ ਦਾ ਬਦਲਾ ਨਹੀਂ ਚੁਕਾ ਸਕਦਾ।

**ਅਮਰ** : ਕੀ ਕੀਤਾ ਤੂੰ ਮੇਰੇ ਵਾਸਤੇ?

**ਧੰਨਾ** : ਭੁੱਲ ਗਿਐਂ, ਤੈਨੂੰ ਮੈਂ ਕਿੰਨੀ ਵਾਰ ਠਾਣਿਉਂ ਛੁਡਾਇਆ। ਤੇਰੀਆਂ ਸ਼ਰਾਬ ਦੀਆਂ ਭੱਠੀਆਂ ਫੜੀਆਂ ਗਈਆਂ।

**ਅਤਰੂ** : ਪੁਲਿਸ ਨੇ ਤੈਨੂੰ ਸਾਰੇ ਪਿੰਡ 'ਚ ਘੁੰਮਾਇਆ ਸੀ ਤੇ ਸ਼ਰਾਬ ਵਾਲਾ ਬਲੈਡਰ ਤੇਰੇ ਪਿੱਛੇ ਬੰਨ ਦਿੱਤਾ ਸੀ। ਤੈਨੂੰ ਧੁੱਪੇ ਬਿਠਾ ਕੇ ਪੁਲਿਸ ਨੇ ਛਿੱਤਰ ਨਹੀਂ ਸੀ ਮਾਰੇ?



**ਅਮਰ** : ਬਕਵਾਸ ਬੰਦ ਕਰ।

**ਧੰਨਾ** : ਤੈਨੂੰ ਦਸ ਨੰਬਰੀਆਂ 'ਚੋਂ ਮੈਂ ਈ ਕਢਵਾਇਆ ਸੀ। ਤੇਰੇ ਘਰ ਹੈ ਕੀ ਸੀ ਭੁੱਖ ਨੰਗ ਨੱਚਦੀ ਸੀ ਤੇ ਮੈਂ ਤੇਰੀ ਕਿੰਨੀ ਵਾਰ ਮਦਦ ਕੀਤੀ ਤੇ ਤੂੰ ਸਭ ਭੁੱਲ ਗਿਐਂ? ਅੱਜ ਤੈਨੂੰ ਬਾਹਰੋਂ ਮਾਇਆ ਆਉਣੀ ਸ਼ੁਰੂ ਹੋ ਗਈ ਤਾਂ ਤੈਨੂੰ ਰੱਬ ਨਹੀਂ ਯਾਦ ਰਿਹੈ। ਤੂੰ ਬੰਦਾ ਹੁੰਦਾ ਤਾਂ ਸਾਰੀ ਉਮਰ ਮੇਰਾ ਪਾਣੀ ਭਰਦਾ।

**ਅਮਰ** : ਮੈਂ ਤੇਰਾ ਪਾਣੀ ਭਰਾਂ? ਤੂੰ ਜਿੰਨੀ ਵਾਰ ਮਰਜੀ ਸੰਨ ਸੰਤਾਲੀ ਵਾਲੀਆਂ ਗੱਲਾਂ ਯਾਦ ਕਰਾਏਂ, ਮੇਰੇ ਤੇ ਅਸਰ ਨਹੀਂ ਇਹਦਾ ਇੱਕ ਕੌਡੀ ਵੀ। ਮੈਂ ਤੈਨੂੰ ਫੇਰ ਲਲਕਾਰਾ ਮਾਰ ਕੇ ਕਹਿਣਾਂ ਜੇ ਮਾੜੀ ਮੋਟੀ ਅਣਖ ਏ ਤਾਂ ਆ ਮੇਰੇ ਮੁਕਾਬਲੇ। ਮੈਂ ਪੂਛਾਂ ਚੁਕਾ ਦਿਆਂਗਾ ਪੂਛਾਂ।

*(ਅਮਰ ਸਿੰਘ ਬੁੜਬੁੜ ਕਰਦਾ ਹੋਇਆ ਚਲਾ ਜਾਂਦਾ ਹੈ)*

**ਅਤਰੂ** : ਕੰਜਰ ਕਿਸੇ ਥਾਂ ਦਾ। ਸਾਰਾ ਪਿੰਡ ਭਾਵੇਂ ਉਹਦੇ ਵੱਲ ਉਲਟ ਜਾਏ ਮੈਂ ਨਹੀਂ ਮੰਨਦਾ ਉਹਨੂੰ ਸਰਪੈਂਚ ਤੇ ਨਾ ਈ ਮੰਨਾਂਗਾ ਆਖਰੀ ਦਮ ਤੱਕ। ਉਹ ਸਰਪੈਂਚ ਬਣੇਗਾ ਵਿਕਾਊ ਮਾਲ ਦਾ, ਮੇਰਾ ਨਹੀਂ। ਮੈਂ ਬੰਦਾ ਵਾਂ, ਕੋਈ ਭੇਡ ਬੱਕਰੀ ਨਹੀਂ। ਸਰਪੈਂਚਾ ਦਿਲ ਨਾ ਛੱਡੀਂ, ਮੈਂ ਤੇਰੇ ਨਾਲ ਆਂ।

*(ਅਤਰੂ ਚਲਾ ਜਾਂਦਾ ਹੈ)*

**ਧੰਨਾ** : ਕੀ ਥੁੜ੍ਹਿਆ ਸੀ ਆਹ ਦਿਨ ਵੇਖਣ ਬਾਝੋਂ। ਮੇਰਾ ਬੀਰ ਵੀ ਮੈਨੂੰ ਪੈਸੇ ਭੇਜਦਾ। ਫਿਰ ਪਤਾ ਲਗਦਾ ਅਮਰ ਸਿੰਘ ਦੇ ਡਾਲਰਾਂ ਦਾ। ਦੋਵੇਂ ਪਾਸੇ ਮਾਇਆ ਦਾ ਭੇੜ ਹੁੰਦਾ, ਮੈਂ ਉਹਦੇ ਪੈਰ ਨਾ ਲਗਣ ਦਿੰਦਾ।

*(ਧੰਨਾ ਸਿੰਘ ਮੰਜੇ ਤੇ ਲੇਟ ਜਾਂਦਾ ਹੈ, ਉਹਦੇ ਕੰਨਾਂ ਵਿੱਚ ਕਈ ਬੋਲ ਖਟਕਦੇ ਹਨ)*

**ਸਿੰਦਰ ਦੀ ਆਵਾਜ਼** : ਜੇ ਬੰਦਾ ਏਂ ਤਾਂ ਸੁੱਟ ਹੁਣੇ ਈ ਮੇਰਾ ਪੰਜਾਹ ਹਜਾਰ।

**ਅਮਰ ਦੀ ਆਵਾਜ਼** : ਮੈਂ ਪੂਰੀ ਸ਼ਾਨ ਨਾਲ ਸਰਪੈਂਚ ਬਣਾਂਗਾ। ਅਤਰੂ, ਸਭ ਤੋਂ ਪਹਿਲਾਂ ਮੈਂ ਤੇਰਾ ਮੱਕੂ ਠਪਾਂਗਾ।

**ਅਤਰੂ ਦੀ ਆਵਾਜ਼** : ਕਿਹੜਾ ਕੰਜਰ ਮੇਰਾ ਮੱਕੂ ਠੱਪ ਸਕਦੈ, ਮੈਂ ਜਾਦ ਪੰਛੀ ਆਂ ਜਾਦ ਪੰਛੀ।

ਅਮਰ ਦੀ ਆਵਾਜ਼ : ਮੈਂ ਤੈਨੂੰ ਫੇਰ ਲਲਕਾਰਾ ਮਾਰ ਕੇ ਕਹਿਣਾਂ ਜੇ ਮਾੜੀ ਮੋਟੀ ਅਣਖ ਏ ਤਾਂ ਆ ਮੇਰੇ ਮੁਕਾਬਲੇ। ਮੈਂ ਪੂਛਾਂ ਚੁਕਾ ਦਿਆਂਗਾ ਪੂਛਾਂ।

*(ਜੀਤੋ ਆਉਂਦੀ ਹੈ ਤਾਂ ਧੰਨੇ ਦੇ ਕੰਨਾਂ ਵਿੱਚ ਵੱਜ ਰਹੀਆਂ ਆਵਾਜ਼ਾਂ ਬੰਦ ਹੋ ਜਾਂਦੀਆਂ ਹਨ)*

ਜੀਤੋ : ਕੀ ਗੱਲ ਚਿਹਰਾ ਉਤਰਿਆ ਪਿਐ।

ਧੰਨਾ : ਹੋਰ ਹੁਣ ਚਿਹਰੇ ਤੇ ਕਿਹੜਾ ਲਾਲੀਆਂ ਔਣੀਆਂ ਨੇ। ਦਿਲ ਵਾਲੀ ਲਾਲ ਗੋਲੀ ਲਿਆ, ਅਲਮਾਰੀ ਦੇ ਉਤਲੇ ਖਾਨੇ 'ਚ ਪਈ ਏ। ਹੁਣ ਤਾਂ ਦਵਾਈ ਬਗੈਰ ਨੀਂਦ ਵੀ ਨੇੜ੍ਹੇ ਨਹੀਂ ਆਉਂਦੀ।

*(ਬਿਸਤਰੇ ਤੇ ਲੇਟ ਜਾਂਦਾ ਹੈ, ਦੂਰੋਂ ਕਿਸੇ ਦੇ ਗਾਉਣ ਦੀ ਆਵਾਜ਼ ਆਉਂਦੀ ਹੈ)*

ਮਾਇਆ ਤਖਤਾਂ ਉਪਰ ਬਿਠਾਵੇ
ਮਾਇਆ ਸਿਰ ਤੇ ਤਾਜ ਪਵਾਏ।
ਸਿੱਕਿਆਂ ਦੀ ਖੇਡ ਕਿਹੀ
ਯੋਗਤਾ ਮਿੱਟੀ 'ਚ ਮਿਲ ਜਾਵੇ।
ਜਿਧਰ ਵੀ ਨਜ਼ਰ ਘੁੰਮਾਓ
ਇਹ ਪਰਤਾਪ ਏ ਮਾਇਆ ਦਾ
ਡਾਲਰਾਂ ਦੀ ਛਾਇਆ ਦਾ।

*(ਹਨੇਰਾ ਹੋ ਜਾਂਦਾ ਹੈ)*



## *ਦ੍ਰਿਸ਼ ਪੰਜਵਾਂ*

ਸਥਾਨ : ਅਮਰੀਕਾ ਦਾ ਇੱਕ ਪਾਰਕ।

*(ਪਾਰਕ ਵਿੱਚ ਬੀਰ ਤੇ ਉਸ ਦੇ ਦੋ ਦੋਸਤ ਕਾਲਾ ਅਤੇ ਬਿੱਲਾ ਬੈਠੇ ਹਨ। ਉਹਨਾਂ ਸਾਹਮਣੇ ਇੱਕ ਸ਼ਰਾਬ ਦੀ ਬੋਤਲ, ਇੱਕ ਪਾਣੀ ਦੀ ਬੋਤਲ ਅਤੇ ਇੱਕ ਪੈਕਟ ਵਿੱਚ ਕੁੱਝ ਨਮਕੀਨ ਹੈ। ਕੋਲ ਈ ਇੱਕ ਸਟੀਰੀਓ ਪਿਆ ਹੈ)*

ਬੀਰ : ਅੱਜ ਤਾਂ ਮੈਨੂੰ ਤੁਹਾਡਾ ਦੋਵਾਂ ਦਾ ਥੈਂਕਸ ਕਰਨਾ ਚਾਹੀਦੈ। ਮੇਰੇ ਫੂਨ ਕਰਨ ਤੇ ਦੋਵੇਂ ਭਰਾ ਆ ਗਏ, ਹੁਣ ਬੱਝੇਗਾ ਪ੍ਰੋਗਰਾਮ। ਮੈਨੀ ਮੈਨੀ ਥੈਂਕਸ ਟੂ ਯੂ।

ਬਿੱਲਾ : ਪੰਜਾਬੀ ਬੋਲੋ ਯਾਰ ਠੇਠ ਪੰਜਾਬੀ। ਆਹ ਅੰਗਰੇਜੀ ਦਾ ਮਹਿਫਲਾਂ ਵਿੱਚ ਕੀ ਕੰਮ ?

ਕਾਲਾ : ਯਾਰ, ਆਹ ਗੱਲ ਠੀਕ ਕੀਤੀ, ਆਪਣੀ ਬੋਲੀ ਤਾਂ ਮਿਸ਼ਰੀ ਵਾਂਗੂ ਮਿੱਠੀ ਲਗਦੀ ਏ। ਅੰਗਰੇਜ਼ੀ ਤਾਂ ਚਲੋ ਕੰਮ ਦੇ ਟੈਮ ਬੋਲਣੀ ਪੈਂਦੀ ਏ।

ਬਿੱਲਾ : ਕੰਮ ਦੇ ਟੈਮ ਇੰਗਲਿਸ਼ ਚਲਣੀ ਈ ਚਲਣੀ ਏ। ਮਾੜੀ ਮੋਟੀ ਬੋਲ ਲਉ ਤਾਂ ਬੁੱਤਾ ਸਰ ਈ ਜਾਂਦੈ।

ਕਾਲਾ : ਅੱਜ ਦੀ ਸ਼ਾਮ ਸਾਡੀ ਸ਼ਾਮ ਏ ਸ਼ਨੀਵਾਰ ਦੀ। ਕਲ੍ਹ ਨੂੰ ਅਪਣੀ ਛੁੱਟੀ ਏ। ਅੱਜ ਗੱਪ ਸ਼ੱਪ ਚੱਲੇਗੀ ਪੰਜਾਬੀ ਵਿੱਚ ਈ।

ਬਿੱਲਾ : ਮੈਂ ਤਾਂ ਸ਼ੁਕਰ ਕਰਨਾ ਜਦੋਂ ਸ਼ਨੀਵਾਰ ਆਉਂਦੈ। ਕਲ੍ਹ ਸਵੇਰੇ ਦਸ ਵਜੇ ਛਡਾਂਗਾ ਬਿਸਤਰਾ।

ਕਾਲਾ : ਬੀਰ, ਤੂੰ ਵੀ ਛੁੱਟੀ ਕਰ ਲਿਆ ਕਰ ਐਤਵਾਰ ਨੂੰ। ਜਿਹੜਾ ਬੰਦਾ ਹਫਤੇ 'ਚ ਇੱਕ ਛੁੱਟੀ ਵੀ ਨਾ ਕਰੇ ਤਾਂ ਉਹਦੀ ਲਾਈਫ ਕਾਹਦੀ ? ਕਦੇ ਕਦੇ ਮੌਜ ਮੇਲਾ ਕਰਨ ਵਾਸਤੇ ਟੈਮ ਕੱਢਣਾ ਚਾਹੀਦੈ।

ਬੀਰ : ਤੁਸੀਂ ਕਹਿ ਦਿੱਤੈ ਮੈਂ ਮੰਨ ਲਿਆ। ਮੈਨੂੰ ਐਥੇ ਆਏ ਨੂੰ ਦਸ ਸਾਲ ਤੋਂ ਉਪਰ ਹੋ ਗਏ ਨੇ, ਮੈਂ ਨਹੀਂ ਕਦੇ ਕੀਤੀ ਛੁੱਟੀ। ਅਗਾਂਹ ਤੋਂ ਜ਼ਰੂਰ ਕਰਿਆ ਕਰਾਂਗਾ।

ਬਿੱਲਾ : ਪੈਸੇ ਦੀ ਐਨੀ ਲਾਰ ਨਹੀਂ ਲੱਗਣੀ ਚਾਹੀਦੀ। ਗੋਰੇ ਚੰਗੇ ਨੇ ਜਿੰਨੇ ਕਮਾਈ ਜਾਓ ਉਨੇ ਈ ਖਾਈ ਜਾਓ।

ਕਾਲਾ : ਸਮਝ ਨਹੀਂ ਆਉਂਦੀ ਬਈ ਬੀਰ ਨੂੰ ਪੈਸੇ ਦਾ ਐਨਾ ਚਸਕਾ ਕਿਉਂ ਪੈ ਗਿਐ, ਇਹਦੀ ਕਿਹੜੀ ਚੂੜੇ ਵਾਲੀ ਤੇ ਬਾਲ ਬੱਚੇ ਬੈਠੇ ਨੇ ਇੰਡੀਆ ਵਿੱਚ।

ਬੀਰ : ਛੱਡੋ ਯਾਰ ਪੈਸਿਆਂ ਨੂੰ। ਪੈਸਿਆਂ ਦਾ ਚੱਕਰ ਤਾਂ ਮਰਦੇ ਦਮ ਤੀਕ ਨਹੀਉਂ ਛੁੱਟਣਾ। ਆਹ ਵਿਸਕੀ ਦੀ ਬੋਤਲ ਸਾਨੂੰ ਚੈਲੇਂਜ ਕਰਦੀ ਪਈ ਏ।

ਬਿੱਲਾ : ਕਿਤੇ ਇਹ ਸਾਨੂੰ ਸਰਾਪ ਈ ਨਾ ਦੇ ਦੇਵੇ ਕਿ ਮੇਰੀ ਬੇਕਦਰੀ ਕਿਉਂ ਕੀਤੀ ਏ।

ਕਾਲਾ : ਪੂਰੀ ਲੀਟਰ ਏ ਲੀਟਰ। ਆਪਾਂ ਹੌਲੀ ਹੌਲੀ ਸਿਪ ਕਰ ਕਰ ਸਾਰੀ ਖ਼ਤਮ ਕਰ ਕੇ ਛੱਡਣੀ ਏ।

ਬੀਰ : ਹੋਰ ਇੰਡੀਆ ਵਾਲਾ ਸਾਬ੍ਹ ਥੋੜਾ ਕਰਨੈਂ। ਗਟਗਟ ਕਰਕੇ ਪਾਈਆ ਸੁੱਟੋ ਅੰਦਰ ਤੇ ਮਗਰੋਂ ਮਾਰ ਲਉ ਦਾਲ ਦਾ ਚਮਚਾ

*(ਬੀਰ ਬੋਤਲ ਚੁੱਕ ਕੇ ਬਿੱਲੇ ਨੂੰ ਫੜਾਉਂਦਾ ਹੈ)*

ਲੈ ਬਈ ਬਿੱਲਿਆ, ਅੱਜ ਸਾਕੀ ਤੂੰ ਬਣ। ਪਾਵੀਂ ਸਾਰਿਆਂ ਨੂੰ ਇੱਕੋ ਜਿਹੀ.

ਕਾਲਾ : ਕੋਈ ਗੱਲ ਨਹੀਂ ਜੇ ਕਿਸੇ ਗਲਾਸ 'ਚ ਵੱਧ ਪੈ ਜਾਊ, ਉਹ ਗਲਾਸ ਮੈਂ ਈ ਪੀਵਾਂਗਾ।

*(ਬਿੱਲਾ ਤਿੰਨਾਂ ਗਿਲਾਸਾਂ ਵਿੱਚ ਸ਼ਰਾਬ ਪਾਉਂਦਾ ਹੈ)*

ਬਿੱਲਾ : ਲਉ ਬਈ ਚੁੱਕੋ ਰੱਬ ਦਾ ਨਾਂ ਲੈ ਕੇ।

ਤਿੰਨੇ : *(ਪੈੱਗ ਫੜ੍ਹਦੇ ਹੋਏ) ਚੀਅਰਸ!*

*(ਤਿੰਨੇ ਥੋੜ੍ਹੀ ਥੋੜ੍ਹੀ ਪੀ ਕੇ ਗਲਾਸ ਜ਼ਮੀਨ ਤੇ ਰੱਖ ਦਿੰਦੇ ਹਨ)*

ਕਾਲਾ : ਇੰਜ ਨਹੀਂ ਔਣਾ ਸਵਾਦ ਚੌਦਵੇਂ ਰਤਨ ਦਾ। ਪਹਿਲਾ ਪੈੱਗ ਤਾਂ ਸੁੱਟੋ ਅੰਦਰ ਸਿੱਧਾ ਈ, ਘੜੀ ਗਲਬਾਤ ਕਰਨ ਜੋਗੇ ਤਾਂ ਹੋ ਜਾਈਏ। ਐਨੀ ਕੁ ਤਾਂ ਗਲੇ ਦੇ ਹੇਠਾਂ ਨਹੀਂ ਗਈ ਹੋਣੀ, ਫਿਰ ਨਸ਼ਾ ਕਿਵੇਂ ਹੋਏਗਾ?

ਬਿੱਲਾ : ਤੂੰ ਅਪਣੇ ਸਾਬ੍ਹ ਨਾਲ ਪੀਈ ਜਾ, ਅਸੀਂ ਅਪਣੇ ਸਾਬ੍ਹ ਨਾਲ ਈ ਪੀਵਾਂਗੇ। ਕੀ ਕਹਿੰਦੈ ਬੀਰ?

ਬੀਰ : ਆਹੋ, ਬਿੱਲਾ ਠੀਕ ਈ ਕਹਿੰਦੈ।

ਬਿੱਲਾ : ਕਾਲਾ ਇੰਡੀਆ ਵਿੱਚ ਵੀ ਸ਼ਰਾਬ ਦਾ ਤਕੜਾ ਪਿਆਕੜ ਸੀ। ਇੱਕ ਵਾਰ ਸਵੇਰ ਦਾ ਡਹਿ ਪਿਆ ਤੇ ਸ਼ਾਮਾਂ ਪੈਣ ਤੱਕ ਪੀਂਦਾ ਈ ਰਿਹੈ......



ਬੀਰ : *(ਉਤਸੁਕਤਾ ਨਾਲ)* ਫੇਰ?

ਬਿੱਲਾ : ਫੇਰ ਰੱਬ ਤੁਹਾਡਾ ਭਲਾ ਕਰੇ ਰੂੜੀਆਂ ਤੇ ਲੇਟਦਾ ਫਿਰੇ। ਮੈਂ ਫੜ ਕੇ ਮਸਾਂ ਰਿਕਸ਼ੇ ਤੇ ਬਿਠਾਇਆ ਤੇ ਆਹ ਭਲਵਾਨ ਹੋਰੀਂ ਰਿਕਸ਼ੇ ਤੋਂ ਹੇਠਾਂ ਜਾ ਪਏ।

ਬੀਰ : *(ਸੁਆਦ ਲੈਂਦਾ ਹੋਇਆ)* ਅੱਛਾ ਫੇਰ?

ਬਿੱਲਾ : ਫੇਰ ਦੋ ਬੰਦਿਆਂ ਇਹਨੂੰ ਚੁੱਕ ਕੇ ਰਿਕਸ਼ੇ ਤੇ ਸੁੱਟਿਆ ਤੇ ਇਹਦੇ ਸਰੀਰ ਨੂੰ ਸੈਕਲ ਵਾਲੀ ਟਿਊਬ ਨਾਲ ਬੰਨ ਦਿੱਤਾ।

ਬੀਰ : *(ਹੱਸਦਾ ਹੋਇਆ)* ਵਾਹ! ਉਹ ਸੀਨ ਤਾਂ ਵੇਖਣ ਵਾਲਾ ਹੋਵੇਗਾ। ਕਾਲਾ ਗੌਂਦਾ ਹੋਏਗਾ ਰਿਕਸ਼ੇ ਤੇ ਹੁੱਲੇ ਹੁਲਾਰੇ।

ਕਾਲਾ : *(ਲਾਪਰਵਾਹੀ ਨਾਲ)* ਅਪਣੀ ਸੇਹਤ ਤੇ ਨਹੀਂ ਅਸਰ ਇਵੇਂ ਦੀਆਂ ਗੱਲਾਂ ਦਾ। ਇੰਡੀਆ ਦੀਆਂ ਗੱਲਾਂ ਰਹਿ ਗਈਆਂ ਇੰਡੀਆਂ ਵਿੱਚ ਈ। ਐਥੇ ਦਾ ਨਸ਼ਾ ਚੀਜ਼ ਈ ਵੱਖਰੀ ਏ। ਘੁੱਟ ਪੀਤੀ ਹੋਏ ਤੇ ਦਰਸ਼ਨ ਕੀਤੇ ਹੋਣ ਮੇਮਾਂ ਦੇ, ਨਸ਼ਾ ਰੰਗ ਵਿਖੌਂਦਾ ਏ ਅਪਣੇ ਆਪ। ਇੰਡੀਆ ਵਿੱਚ ਤਾਂ ਭੂਤਨੀਆਂ ਜਿਹੀਆਂ ਜਨਾਨੀਆਂ ਤਕ ਤਕ ਪੀਤੀ ਵੀ ਲਹਿ ਜਾਂਦੀ ਏ ਮਿੰਟੋ ਮਿੰਟੀ।

ਬਿੱਲਾ : ਅਸੀਂ ਐਥੇ ਨੋਟ ਛਾਪਣ ਆਏ ਹਾਂ। ਘਰ ਦੇ ਫ਼ੂਨ ਤੇ ਫ਼ੂਨ ਖੜਕਾਈ ਜਾਂਦੇ ਨੇ ਫਲਾਣੀ ਜਮੀਨ ਦਾ ਸੌਦਾ ਮਾਰ ਲਿਐ, ਫਲਾਣਾ ਪਲਾਟ ਮਿਲਦਾ ਪਿਐ, ਦੱਸ ਲੱਖ ਕੱਠਾ ਈ ਭੇਜ ਦਿਓ....ਐਧਰ ਅਸੀਂ ਦਿਨ ਰਾਤ ਮਸ਼ੀਨ ਬਣੇ ਪਏ ਆਂ। ਇਕੋ ਗੱਲ ਏ ਬੱਸ ਕੰਮ, ਕੰਮ, ਕੰਮ।

ਕਾਲਾ : ਚੱਲ ਪੈਸੇ ਤਾਂ ਮਿਲਦੇ ਈ ਨੇ। ਇੰਡੀਆ 'ਚ ਕੀ ਸੀ?

ਬਿੱਲਾ : ਇੰਡੀਆ ਵਿੱਚ ਥੋੜੀ ਖਾ ਲਉ ਉਹੀ ਚੰਗੀ। ਐਥੇ ਪੰਜ ਸੱਤ ਘੰਟੇ ਤੋਂ ਵੱਧ ਕਦੇ ਸੌਂ ਕੇ ਨਹੀਂ ਵੇਖਿਆ। ਸਿਰਹਾਣੇ ਅਲਾਰਮ ਲਾਇਆ ਹੁੰਦੈ, ਸਵੇਰੇ ਅਲਾਰਮ ਵੱਜਦੈ ਤੇ ਨਾਲ ਈ ਬਿਸਤਰਾ ਛੱਡਣਾ ਪੈਂਦੈ। ਨੀਂਦ ਨਾਲ ਅੱਖਾਂ ਵਿੱਚ ਭਾਵੇਂ ਰੋੜ ਚੁੱਭਦੇ ਹੋਣ, ਕੰਮ ਤੇ ਹਾਜ਼ਰ ਹੋਣਾ ਪੈਂਦੈ।

ਬੀਰ : ਤੇ ਇੰਡੀਆ ਵਾਲੇ ਸਮਝਦੇ ਹੋਣੇ ਨੇ ਮੁੰਡੇ ਬੜੀ ਐਸ਼ ਕਰਦੇ ਪਏ ਨੇ ਅਮੈਰਿਕਾ ਵਿੱਚ। ਉਹਨਾਂ ਨੂੰ ਕੀ ਦੱਸੀਏ ਸਾਡੀ ਜੂਨ ਕੋਹਲੂ ਦੇ ਬੈਲ ਵਾਲੀ ਹੋਈ ਪਈ ਏ।

ਕਾਲਾ : ਮੇਰੇ ਲਈ ਤਾਂ ਅਮੈਰਿਕਾ ਸਵਰਗ ਏ ਸਵਰਗ। ਬੰਦਾ ਇੰਡੀਆ ਹੋਏ ਜਾਂ ਅਮੈਰਿਕਾ, ਰੋਟੀ ਦਾ ਆਹਰ ਪਾਹਰ ਤਾਂ ਕਰਨਾ ਈ

ਪੈਂਦੈ। ਜੇ ਕੰਮ ਦੀ ਗੱਲ ਕਰੀਏ ਤਾਂ ਇੰਡੀਆ ਨਾਲੋਂ ਏਥੇ ਸੌਖੇ ਆਂ।

**ਬੀਰ** : *(ਮਖੌਲ ਕਰਦਾ ਹੋਇਆ)* ਕਾਲਾ ਇੰਡੀਆ ਵਿੱਚ ਸਾਰਾ ਦਿਨ ਝੌਣੇ 'ਚੋਂ ਡੀਲਾ ਕੱਢਦਾ ਹੁੰਦਾ ਸੀ। ਦਸ ਡੰਗਰਾਂ ਨੂੰ ਪੱਠੇ ਪਾ ਪਾ ਡੰਗਰ ਬਣਿਆ ਰਹਿੰਦਾ ਸੀ। ਕਿਉਂ ਕਾਲਿਆ ਏਦਾਂ ਦਾ ਸੀ ਸਾਬ੍ਹ ਕਤਾਬ ਤੇਰਾ ?

**ਕਾਲਾ** : ਤੇਰੇ ਤੋਂ ਕਿਹੜੀ ਗੱਲ ਲੁੱਕੀ ਹੋਈ।ਐਥੇ ਮਹੀਨੇ ਵਿੱਚ ਦੋ ਹਜਾਰ ਈ ਬਚਾ ਲਓ ਤਾਂ ਇੰਡੀਆ ਦਾ ਸਿੱਧਾ ਈ ਇੱਕ ਲੱਖ ਬਣ ਜਾਂਦੈ। ਡਾਲਰਾਂ ਦੇ ਰੁਪਈਏ ਬਣ ਘਰ ਪਹੁੰਚਦੇ ਨੇ ਤਾਂ ਘਰ ਦੇ ਜੀਅ ਭੰਗੜਾ ਪੌਣ ਲੱਗ ਪੈਂਦੇ ਨੇ।

**ਬਿੱਲਾ** : ਤੇਰੇ ਡਾਲਰਾਂ ਦਾ ਫੈਦਾ ਹੈਗਾ ਇੰਡੀਆ ਵਾਲਿਆਂ ਨੂੰ।ਤੈਨੂੰ ਕੀ, ਤੂੰ ਕੰਮ ਕਰੀ ਜਾ ਤਕੜਾ ਹੋ ਕੇ। ਬਾਂਦਰਾਂ ਵਾਂਗੂੰ ਟਪੂਸੀਆਂ ਮਾਰੀ ਜਾਓ, ਕਦੇ ਐਧਰ ਕਦੇ ਉਧਰ ਤੇ ਮਾਲਕ ਦੇ ਆਰਡਰ ਨੂੰ ਮੰਨੀ ਜਾਓ ਅੱਖਾਂ ਮੀਟ ਕੇ।

**ਬੀਰ** : ਆਹ ਤੇਰੀ ਗੱਲ ਲੱਖ ਰੁਪਏ ਦੀ। ਜਦੋਂ ਘਰੋਂ ਫੂਨ ਔਂਦੇ ਨੇ ਬੱਸ ਇੱਕੋ ਗੱਲ ਪੁੱਛਣੀ ਉਹਨਾਂ ਕੰਮ ਕਿਵੇਂ ਚਲਦਾ ਪਿਐ ?ਪੈਸੇ ਚੰਗੇ ਮਿਲਦੇ ਨੇ ਕਿ ਨਹੀਂ ?ਪੈਸੇ ਕਦੋਂ ਭੇਜੇਂਗਾ ?ਪਿਛਲੇ ਦਸ ਸਾਲ ਤੋਂ ਇਹੋ ਸੁਣ ਰਿਹਾਂ।

**ਬਿੱਲਾ** : ਆਹ ਨਹੀਂ ਪੁੱਛਦੇ ਤੇਰੀ ਸੇਹਤ ਕਿਵੇਂ ਏ।

**ਕਾਲਾ** : ਸੇਹਤ ਨੂੰ ਐਥੇ ਕਿਹੜੀ ਕਾਲੋਂ ਪਈ ਏ, ਮਾਸ ਤੇ ਮਾਸ ਚੜ੍ਹੀ ਜਾਂਦੈ। ਮੇਰੇ ਸਾਰੇ ਕਪੜੇ ਤੰਗ ਹੋ ਗਏ ਨੇ। ਜਦ ਆਪਾਂ ਫੋਟੋ ਘਰ ਭੇਜਦੇ ਆਂ ਤਾਂ ਉਹਨਾਂ ਨੂੰ ਪਤਾ ਨਹੀਂ ਲੱਗ ਜਾਂਦਾ ਫੋਟੋ ਤੋਂ ਸੇਹਤ ਦਾ।

**ਬੀਰ** : ਪਰ ਜੇ ਕੋਈ ਬੰਦਾ ਬਿਮਾਰ ਹੋ ਜਾਏ, ਉਹਦੇ ਲਈ ਅਮੈਰਿਕਾ ਨਰਕ ਏ ਨਰਕ। ਨਾ ਕੋਈ ਉਹਦੇ ਕੋਲ ਬੈਠਣ ਵਾਲਾ, ਨਾ ਕੋਈ ਦਵਾਈ ਲਿਆ ਕੇ ਦੇਣ ਵਾਲਾ ਤੇ ਨਾ ਕੋਈ ਹੌਸਲਾ ਦੇਣ ਵਾਲਾ। ਕੋਈ ਯਾਰ ਦੋਸਤ ਫੂਨ ਤੇ ਭਾਵੇਂ ਹਾਲ ਚਾਲ ਪੁੱਛ ਲਏ ਮਿੰਟ ਦੀ ਮਿੰਟ। ਬਾਕੀ ਤਾਂ ਬੰਦਾ ਕੱਲਾ ਕੰਧਾਂ ਨਾਲ ਈ ਗੱਲਾਂ ਕਰਨ ਜੋਗਾ ਰਹਿ ਜਾਂਦੈ।



**ਕਾਲਾ** : *(ਬਿੱਲੇ ਅਤੇ ਬੀਰ ਦੀਆਂ ਗੱਲਾਂ ਤੋਂ ਤੰਗ ਆ ਕੇ)* ਤੁਸੀਂ ਹੋਰ ਈ ਰੋਣਾ ਧੋਣਾ ਪਾ ਕੇ ਬਹਿ ਗਏ ਓ। ਬਿੱਲੇ, ਤੂੰ ਬੋਤਲ ਐਧਰ ਕਰ, ਤੇਰੇ ਤੋਂ ਨਹੀਂ ਬਣਨੀ ਗੱਲ।
*(ਕਾਲਾ ਤਿੰਨਾਂ ਗਲਾਸਾਂ ਵਿੱਚ ਸ਼ਰਾਬ ਪਾਉਂਦਾ ਹੈ)* ਬੀਰ, ਜ਼ਰਾ ਬਟਨ ਦਬਾ ਦੇ ਟੇਪ ਦਾ। ਕੋਈ ਗੌਣ ਪਾਣੀ ਹੋ ਹੀ ਜਾਊ ਨਾਲੋ ਨਾਲ।
*(ਬੀਰ ਸਟੀਰੀਓ ਦਾ ਬਟਨ ਦਬਾਉਂਦਾ ਹੈ ਅਤੇ ਨਾਲ ਹੀ ਗੀਤ ਦੇ ਬੋਲ ਸੁਣਾਈ ਦਿੰਦੇ ਹਨ)*

**ਗੀਤ ਦੇ ਬੋਲ** : ਸਾਡੇ ਨਾਲ ਰਹੋਗੇ ਤਾਂ ਐਸ਼ ਕਰੋਗੇ
ਜ਼ਿੰਦਗੀ ਦੇ ਸਾਰੇ ਮਜੇ ਕੈਸ਼ ਕਰੋਗੇ।
ਸਾਡੇ ਨਾਲ, ਜੀ ਸਾਡੇ ਨਾਲ.......
*(ਤਿੰਨੇ ਨੱਚਣ ਲੱਗ ਪੈਂਦੇ ਹਨ)*

**ਬਿੱਲਾ** : ਬੀਰ, ਸਟੀਰੀਓ ਬੰਦ ਕਰ, ਜਰਾ ਮੈਂ ਸੁਣਾਂ ਟੱਪਾ।

**ਕਾਲਾ** : ਸਾਲਾ ਕਿੱਡਾ ਅਪਣੇ ਆਪ ਨੂੰ ਚਮਕੀਲਾ ਸਮਝਦੈ।

**ਬਿੱਲਾ** : ਅਸੀਂ ਕੋਈ ਚਮਕੀਲੇ ਤੋਂ ਘੱਟ ਆਂ। *(ਗਾਉਂਦਾ ਹੋਇਆ)*
ਜੁਗਨੀ ਜਾ ਵੜੀ ਪਟਿਆਲੇ
ਉਥੋਂ ਲੈ ਲਏ ਰੇਸ਼ਮੀ ਨਾਲੇ।

**ਕਾਲਾ ਤੇ ਬੀਰ** : ਬੱਲੇ!

**ਬਿੱਲਾ** : ਅੱਧੇ ਚਿੱਟੇ ਤੇ ਅੱਧੇ ਕਾਲੇ
ਸਾਰੇ ਲੈ ਗਏ ਦਿਲ ਵਾਲੇ।
ਵੀਰ ਮੇਰਿਆ, ਜੁਗਨੀ ਜਾਂਦੀ ਏ
ਉਹ ਤਾਂ ਨਾਂ ਅਲਾਹ ਦਾ ਗੌਂਦੀ ਏ।
*(ਤਿੰਨੇ ਨਚਣਾ ਜਾਰੀ ਰੱਖਦੇ ਹਨ)*

**ਕਾਲਾ** : ਜੇ ਤੂੰ ਈ ਸੰਘ ਪਾੜਨਾ ਸੀ ਤਾਂ ਫੇਰ ਆਹ ਟੇਪ ਰੱਖਣ ਦੀ ਕੀ ਲੋੜ ਸੀ ? ਬੀਰ ਬਟਨ ਦਬਾ ਕੇ ਵਧੀਆ ਜਿਹਾ ਗਾਣਾ ਲਾ ਦੇ।
*(ਬੀਰ ਕੈਸੇਟ ਦਾ ਪਾਸਾ ਬਦਲ ਕੇ ਸਵਿੱਚ ਆਨ ਕਰ ਦਿੰਦਾ ਹੈ)*

**ਗੀਤ ਦੇ ਬੋਲ** : ਕਾਹਲੀ ਕਾਹਲੀ ਆਈ ਸੀ ਮੈਂ ਟਾਹਲੀਆਂ ਦੇ ਹੇਠ ਦੀ
ਘੁੰਢ ਕੱਢ ਲਿਆ ਸੀ ਅਵਾਜ਼ ਸੁਣ ਜੇਠ ਦੀ।
ਮੈਨੂੰ ਸ਼ਕ ਪੈਂਦੈ ਮੇਰੇ ਨੱਕ 'ਚੋਂ ਭੁੜਕ ਕੇ
ਡਿੱਗ ਪਿਆ ਕਿਤੇ ਡੂੰਘੀ ਥਾਈਂ ਵੇ।

ਮੇਰਾ ਲੌਂਗ ਗਵਾਚਾ, ਨਿਗ੍ਹਾ ਮਾਰਦਾ ਆਈ ਵੇਂ
ਮੇਰਾ ਲੌਂਗ ਗਵਾਚਾ।
*(ਤਿੰਨੇ ਨੱਚਣਾ ਬੰਦ ਕਰ ਦਿੰਦੇ ਹਨ ਅਤੇ ਫਿਰ ਪੈੱਗ ਪੀਣ ਲੱਗ ਪੈਂਦੇ ਹਨ)*

**ਬਿੱਲਾ** : ਆਹ ਗਾਣੇ ਨੇ ਘਰ ਵਾਲੀ ਯਾਦ ਕਰਾ ਤੀ।

**ਕਾਲਾ** : ਆਹੋ ਯਾਰ, ਆਹ ਗਾਣਾ ਸੁਣ ਕੇ ਮੈਨੂੰ ਅਪਣਾ ਟਾਹਲੀ ਵਾਲਾ ਖੇਤ ਨਜ਼ਰ ਔਣ ਲੱਗ ਪਿਐ ਜਿਥੇ ਮੇਰੀ ਰੋਟੀ ਲੈ ਕੇ ਬੰਤੋ ਠਮਕ ਠਮਕ ਤੁਰਦੀ ਅੱਪੜ ਜਾਂਦੀ ਸੀ।

**ਬਿੱਲਾ** : *(ਬੀਰ ਨੂੰ)* ਤੂੰ ਕਿਉਂ ਗੁੰਮ ਸੁੰਮ ਜਿਹਾ ਬੈਠਾ ਏਂ? ਤੇਰੇ ਤਾਂ ਅਜੇ ਕਾਰਜ ਵੀ ਰਾਸ ਨਹੀਂ ਹੋਏ। ਅਜੇ ਚਾਰ ਭੁਆਂਟਣੀਆਂ ਤੂੰ ਲਈਆਂ ਨਹੀਂ ਤੇ ਤੈਨੂੰ ਪਹਿਲਾਂ ਈ ਭੁਆਂਟਣੀਆਂ ਔਣੀਆਂ ਸ਼ੁਰੂ ਹੋ ਗਈਆਂ?

**ਕਾਲਾ** : ਬੀਰ ਦੀ ਹੋਏਗੀ ਕੋਈ ਹੀਰ।

**ਬਿੱਲਾ** : ਆਹ ਗੱਲ ਠੀਕ ਜਾਪਦੀ ਏ। ਪਿਛਲੀ ਵਾਰ ਜਦੋਂ ਮਹੀਨਾ ਛੁੱਟੀ ਕੱਟ ਕੇ ਆਇਆ ਸੀ ਇੰਡੀਆ ਤੋਂ, ਕਿੰਨੇ ਦਿਨ ਗਵਾਚਾ ਜਿਹਾ ਰਿਹਾ ਸੀ। ਬੀਰ, ਜੇ ਕੋਈ ਰੜਕ ਏ ਤਾਂ ਸਾਡੇ ਨਾਲ ਸਾਂਝੀ ਕਰ। ਐਵੇਂ ਦਿਲ ਤੇ ਭਾਰ ਪਾ ਕੇ ਨਾ ਬੈਠਾ ਰਹੀਂ।

**ਬੀਰ** : ਨਹੀਂ, ਕੋਈ ਗੱਲ ਨਹੀਂ......

**ਬਿੱਲਾ** : ਇਹਦਾ ਮਤਲਬ ਆਹ ਹੋਇਐ ਗੱਲ ਹੈ ਜ਼ਰੂਰ ਕੋਈ।

**ਕਾਲਾ** : ਪੈੱਗ ਪਾ ਕੇ ਦੇ ਇਹਨੂੰ ਥੋੜਾ ਮੋਟਾ ਜਿਹਾ, ਇਹਨੇ ਆਪੇ ਦੱਸ ਦੇਣੈਂ ਜਦ ਨਸ਼ਾ ਖਿੜਿਆ ਤਾਂ। ਬੀਰ, ਤੂੰ ਕੈਸੇਟ ਬਦਲੀ ਕਰ, ਗਾਣਾ ਇੱਦਾਂ ਦਾ ਲਾ ਦੇ ਕਿ ਘੜੀ ਰੌਣਕ ਮੇਲਾ ਹੋ ਜੇ।
*(ਬੀਰ ਕੈਸੇਟ ਬਦਲ ਦਿੰਦਾ ਹੈ, ਇੱਕ ਉਦਾਸ ਜਿਹੀ ਆਵਾਜ਼ ਸੁਣਨ ਨੂੰ ਮਿਲਦੀ ਹੈ)*

**ਗੀਤ ਦੀ ਆਵਾਜ਼**: ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਕਦੋਂ ਦੇਸ਼ ਪਰਤਣਗੇ ਅਪਣੇ ਘਰੀਂ
ਕੁੱਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।
*(ਗੀਤ ਖ਼ਤਮ ਹੁੰਦਾ ਹੈ, ਤਿੰਨੇ ਉਦਾਸ ਹੋਏ ਆਪਣੇ ਆਪਣੇ ਬੈਗਾਂ ਨੂੰ ਸਿੱਧੇ ਕਰਦੇ ਹਨ)*



**ਕਾਲਾ** : ਬਈ ਆਹ ਗੀਤ ਨੇ ਤਾਂ ਜਮਾਂ ਈ ਸੁੰਨ ਪਾ ਦਿੱਤੀ ਏ।

**ਬਿੱਲਾ** : ਇਹ ਪਾਤਰ ਦੀ ਗ਼ਜ਼ਲ ਏ।

**ਬੀਰ** : ਇਹ ਗ਼ਜ਼ਲ ਸਾਡੀ ਜ਼ਿੰਦਗੀ ਦੀ ਸੱਚੀ ਸੱਚੀ ਗੱਲ ਕਰਦੀ ਏ। ਅਸੀਂ ਬਾਹਰ ਐਥੇ ਕਾਹਦੇ ਲਈ ਰੁੱਲ ਰਹੇ ਆਂ, ਰੋਟੀ ਲਈ, ਧੱਕੇ ਖਾਂਦੇ ਪਏ ਆਂ। ਮੈਂ ਮੀਟ ਕੱਟਣ ਵਾਲੀ ਫੈਕਟਰੀ 'ਚ ਲੱਗਾਂ, ਮੈਨੂੰ ਪਤੇ ਮੈਂ ਉਥੇ ਕਿਵੇਂ ਕੰਮ ਕਰਦਾਂ। ਕਾਹਦੇ ਵਾਸਤੇ ਕਰਦਾਂ? ਮਾਇਆ ਦੇ ਛਿਲੜਾਂ ਵਾਸਤੇ..... *(ਜੇਬ ਵਿੱਚੋਂ ਨੋਟ ਕੱਢਦਾ ਹੋਇਆ)* ਇਹਨਾਂ ਛਿਲੜਾਂ ਵਾਸਤੇ.....ਕਿ ਔਣ ਵਾਲਾ ਟੈਮ ਚੰਗਾ ਲੰਘ ਜੇ। *(ਬੀਰ ਰੋ ਪੈਂਦਾ ਹੈ)*

**ਬਿੱਲਾ** : *(ਅੱਖਾਂ 'ਚੋਂ ਵਗ ਰਹੇ ਹੰਝੂ ਸਾਫ਼ ਕਰਦਾ ਹੋਇਆ)* 'ਕੁੱਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ' ਆਹ ਲੈਨ ਨੇ ਤਾਂ ਮਾਂ ਯਾਦ ਕਰਵਾ ਤੀ। ਅਪਣੀ ਮਾਂ ਤੋਂ ਦੂਰ, ਕਿੰਨੀ ਦੂਰ ਮੈਂ ਪਰਦੇਸਾਂ 'ਚ ਬੈਠਾ ਵਾਂ।

**ਕਾਲਾ** : ਮਾਵਾਂ ਠੰਡੀਆਂ ਛਾਵਾਂ, ਛਾਵਾਂ ਕੌਣ ਕਰੇ। ਇੱਕ ਵਾਰ ਮਾਂ ਗਈ ਤੇ ਸਮਝੋ ਛਾਂ ਵੀ ਗਈ। ਹਾਰੀ ਸਾਰੀ ਮਾਂ ਨਹੀਂ ਬਣ ਸਕਦਾ। ਕਿੰਨੇ ਜਫਰ ਜਾਲਦੀ ਏ ਮਾਂ। ਨਿੱਕੇ ਹੁੰਦਿਆਂ ਨਾਲੇ ਦੁੱਧ ਪਿਔਂਦੀ ਏ, ਨਾਲੇ ਨਵਾਉਂਦੀ ਏ ਤੇ ਖਿਡਾਉਂਦੀ ਵੀ ਏ। ਬੀਰ! ਤੂੰ ਅਪਣੀ ਮਾਂ ਦੀ ਗੱਲ ਕਦੇ ਨਹੀਂ ਕੀਤੀ?

**ਬੀਰ** : ਮੇਰੀ ਵੱਡੀ ਭਰਜਾਈ ਸਿੰਦਰ ਮਾਵਾਂ ਬਰੋਬਰ ਈ......

**ਬਿੱਲਾ** : ਤੇ ਤੇਰੀ ਅਸਲੀ ਮਾਂ ਕਿਤੇ ਚੜ੍ਹਾਈ ਤਾਂ ਨਹੀਂ.....

**ਬੀਰ** : ਨਹੀਂ, ਉਹ ਜੀਂਦੀ ਏ ਪਰ ਨਾ ਹੋਇਆਂ ਵਰਗੀ।

**ਕਾਲਾ** : ਬੀਰ, ਤੂੰ ਜ਼ਰੂਰ ਗਲਤਫਹਿਮੀ 'ਚ ਹੋਏਂਗਾ। ਭਰਜਾਈਆਂ ਭਲਾ ਮਾਵਾਂ ਬਣ ਸਕਦੀਆਂ ਨੇ? ਨਾ ਬਈ ਨਾ, ਆਹ ਗੱਲ ਤਾਂ ਮੈਂ ਸੁਫਨੇ 'ਚ ਨਹੀਂ ਮੰਨ ਸਕਦਾ। ਭਰਜਾਈਆਂ ਡਾਲਰਾਂ ਪਿੱਛੇ ਭਾਵੇਂ ਕੋਈ ਵਿੰਗਾ ਸਿੱਧਾ ਰਿਸ਼ਤਾ ਕੈਮ ਕਰ ਲੈਣ ਪਰ ਕਦੇ ਮਾਵਾਂ ਵਾਲੀ ਗੱਲ ਨਹੀਂ ਆ ਸਕਦੀ ਇਹਨਾਂ 'ਚ। ਬਿੱਲਿਆ, ਤੇਰਾ ਕੀ ਖਿਆਲ ਏ?

**ਬਿੱਲਾ** : ਅੱਜ ਤੂੰ ਪਹਿਲੀ ਵਾਰ ਅਕਲ ਦੀ ਗੱਲ ਕੀਤੀ ਏ।
*(ਟੈਲੀਫੂਨ ਦੀ ਘੰਟੀ ਖੜਕਦੀ ਹੈ, ਬੀਰ ਰਸੀਵਰ ਚੁੱਕ ਕੇ ਕੰਨਾਂ ਨੂੰ ਲਾ ਲੈਂਦਾ ਹੈ)*

**ਬੀਰ** : ਹੈਲੋ, ਕੌਣ ਸਿੰਦਰ ? ਵਾਹ ਜੀ ਵਾਹ, ਸਤਿ ਸ੍ਰੀ ਅਕਾਲ। ਮੇਰਾ ਮੂਡ ? ......ਠੀਕ ਈ ਏ, ਐਵੇਂ ਤੁਹਾਡੀ ਯਾਦ ਆ ਗਈ ਸੀ, ਕੋਈ ਖਾਸ ਨਹੀਂ ਪੀਤੀ.....ਬੱਸ ਐਵੇਂ ਦੋ ਕੁ ਪੈੱਗ ਲਾਏ ਨੇ। ਕੰਮ ਠੀਕ ਚਲਦੈ, ਪੈਸੇ ਜਿੰਨੇ ਕਹੋਗੇ ਭੇਜ ਦਿਆਂਗਾ। ਡਾਲਰ ਥੋੜਾ ਡਾਊਨ ਚੱਲ ਰਿਹੈ, ਅਪ ਹੋ ਲੈਣ ਦਿਓ। ਸਭ ਠੀਕ ਠਾਕ ਏ, ਓ. ਕੇ.

*(ਰਸੀਵਰ ਰੱਖ ਦਿੰਦਾ ਹੈ)*

**ਕਾਲਾ** : ਨਸ਼ਾ ਵੀ ਡਾਊਨ ਜਿਹਾ ਹੋ ਗਿਐ। ਬੀਰ ਕਹਿੰਦਾ ਪਿਆ ਸੀ ਦੋ ਈ ਪੈੱਗ ਲਾਏ ਨੇ, ਇਹਨੂੰ ਪੁੱਛੋ ਬੋਤਲ ਕਿਵੇਂ ਖਾਲੀ ਹੋ ਗਈ। ਆਹ ਗਲਾਸਾਂ ਵਾਲਾ ਪੈੱਗ ਚੁੱਕੋ ਅਪਣਾ ਅਪਣਾ ਤੇ ਚਲੀਏ ਅਪਣੇ ਅਪਣੇ ਘਰ।

*(ਤਿੰਨੇ ਆਖਰੀ ਪੈੱਗ ਮੂੰਹ ਨੂੰ ਲਾਉਂਦੇ ਹਨ ਅਤੇ ਗੀਤ ਦੀ ਆਵਾਜ਼ ਆਉਂਦੀ ਹੈ)*

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ
ਉਹ ਕਦੋਂ ਦੇਸ਼ ਪਰਤਣਗੇ ਅਪਣੇ ਘਰੀਂ।

*(ਹਨੇਰਾ ਹੋ ਜਾਂਦਾ ਹੈ)*



## ਦ੍ਰਿਸ਼ ਛੇਵਾਂ

**ਸਥਾਨ** : ਸਿੰਦਰ ਦੇ ਘਰ ਦਾ ਵਿਹੜਾ।

*(ਸਿੰਦਰ ਪੂਰੀ ਤਰ੍ਹਾਂ ਹਾਰ ਸ਼ਿੰਗਾਰ ਕਰਕੇ ਕਿਸੇ ਦੇ ਆਉਣ ਦੀ ਇੰਤਜ਼ਾਰ ਵਿੱਚ ਹੈ, ਉਹ ਵਿਹੜੇ ਵਿੱਚ ਕਦੇ ਘੁੰਮਣ ਲੱਗ ਪੈਂਦੀ ਹੈ, ਵਿਹੜੇ ਦੇ ਪਿੱਛੇ ਬਣੇ ਕਮਰਿਆਂ 'ਚੋਂ ਰੁਮਾਂਟਿਕ ਸੰਗੀਤ ਦੀ ਆਵਾਜ਼ ਆ ਰਹੀ ਹੈ। ਉਸ ਦੇ ਹੱਥ ਵਿੱਚ ਸ਼ੀਸ਼ਾ ਹੈ, ਵਾਰ ਵਾਰ ਆਪਣਾ ਮੂੰਹ ਸ਼ੀਸ਼ੇ ਵਿੱਚ ਵੇਖਦੀ ਹੈ, ਹਲਕੀ ਜਿਹੀ ਆਵਾਜ਼ ਵਿੱਚ ਗੀਤ ਦੀਆਂ ਸਤਰਾਂ ਗੁਣ ਗੁਣਾਉਂਦੀ ਹੈ)*

ਬੜੀ ਦੂਰੋਂ ਆਏਗਾ ਮੇਰਾ ਬੀਰ
ਤੇ ਉਡੀਕਾਂ 'ਚ ਬੈਠੀ ਉਹਦੀ ਹੀਰ।
ਖਿੜ ਜਾਏਗੀ ਤਕਦੀਰ
ਟਕਰਾਉਣੇ ਨੇ ਜਦ ਦੋ ਤੀਰ।
ਇੱਕ ਮੁੱਦਤ ਬਾਅਦ ਉਹ ਆਏਗਾ
ਗੁਲਾਬੀ ਮੁੱਖੜਾ ਆਣ ਵਿਖਾਏਗਾ।
ਅੱਖੀਆਂ 'ਚੋਂ ਛਲਕੇਗਾ ਨੀਰ
ਬੜੀ ਦੂਰੋਂ ਆਏਗਾ ਮੇਰਾ ਬੀਰ।

*(ਸਿੰਦਰ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਬੰਤੀ ਨਾਂ ਦੀ ਨੌਕਰਾਣੀ ਉਹਦੇ ਕੋਲ ਆ ਖੜ੍ਹੀ ਹੁੰਦੀ ਹੈ)*

**ਬੰਤੀ** : ਸਰਦਾਰਨੀਏ, ਅੱਜ ਬੜੀ ਗਵਾਚੀ ਗਵਾਚੀ ਜਿਹੀ ਏਂ। *(ਸਿੰਦਰ ਤ੍ਰਭਕ ਜਾਂਦੀ ਹੈ)* ਮੈਨੂੰ ਪਤੈ ਅੱਜ ਤੇਰੇ ਦੇਵਰ ਬੀਰ ਨੇ ਔਣੈਂ ਪਰਦੇਸਾਂ 'ਚੋਂ।

**ਸਿੰਦਰ** : *(ਝਿੜਕਣ ਵਾਲੇ ਲਹਿਜੇ ਵਿੱਚ)* ਬੀਰ ਦੇਵਰ ਨੇ ਨਹੀਂ, ਮੇਰੇ ਬੀਰ ਕਾਕੇ ਨੇ ਔਣੈਂ।

**ਬੰਤੀ** : ਇੱਕੋ ਗੱਲ ਹੋਈ, ਭਰਜਾਈਆਂ ਵਾਸਤੇ ਉਹਨਾਂ ਦੇ ਛੋਟੇ ਦੇਵਰ ਵੀ ਤਾਂ ਪੁੱਤਰਾਂ ਬਰੋਬਰ ਈ ਹੁੰਦੇ ਨੇ ਜੇ ਕੋਈ ਸਮਝੇ ਤਾਂ.....

**ਸਿੰਦਰ** : ਮੈਂ ਉਹਨੂੰ ਪੁੱਤਰ ਸਮਝਦੀ ਆਂ ਪੁੱਤਰ।

ਬੰਤੀ : ਦੁਨੀਆਂ ਕਈ ਕਈ ਵੰਨੀਆਂ ਦੀਆਂ ਗੱਲਾਂ ਕਰਦੀ ਪਈ ਏ। ਭਲਾ ਤੂੰ ਈ ਦੱਸ ਸਰਦਾਰਨੀ, ਕਿਸੇ ਦਾ ਮੂੰਹ ਫੜ ਹੁੰਦੈ।

ਸਿੰਦਰ : ਭੌਂਕਣ ਦੇ ਜਿਹਨੂੰ ਭੌਂਕਣ ਦਾ ਸ਼ੌਂਕ ਏ।ਮੈਂ ਨਹੀਂ ਕਰਦੀ ਪਰਵਾਹ ਦੁੱਕੀ ਤਿੱਕੀ ਲੋਕਾਂ ਦੀ।

ਬੰਤੀ : ਲੋਕਾਂ ਤੋਂ ਵੀ ਵਾਰੇ ਵਾਰੇ ਜਾਈਏ।ਗੱਲ ਵੱਖੀ 'ਚੋਂ ਐਸੀ ਕੱਢਦੇ ਨੇ ਕਿ ਤਨ ਮਨ ਸਾੜ ਕੇ ਰੱਖ ਦੇਂਦੇ ਨੇ। ਦਾਤਰੀ ਨੂੰ ਤਾਂ ਦੰਦੇ ਇੱਕ ਪਾਸੇ ਲੱਗੇ ਹੁੰਦੇ ਨੇ ਤੇ ਆਹ ਲੋਕਾਂ ਨੂੰ ਦੋਵੇਂ ਪਾਸੇ ਦੰਦੇ ਲੱਗੇ ਹੋਏ ਨੇ।

ਸਿੰਦਰ : ਤੂੰ ਕਿਵੇਂ ਦਾ ਝੱਲ ਖਲਾਰੀ ਜਾਨੀ ਏਂ ਅੱਜ ? ਨੀ ਤੂੰ ਬੋਲਦੀ ਕਿਹੜੀ ਨੁੱਕਰ ਤੋਂ ਏਂ ?

ਬੰਤੀ : ਸਾਰਾ ਪਿੰਡ ਤੁਹਾਡੀਆਂ ਗੱਲਾਂ ਕਰਦਾ ਪਿਐ।

ਸਿੰਦਰ : *(ਕਾਹਲੀ ਪੈਂਦੀ ਹੋਈ)* ਕਾਹਦੀਆਂ ਗੱਲਾਂ ? ਕਾਕੇ ਬੀਰ ਦੀਆਂ ਗੱਲਾਂ ਕਰਦਾ ਹੋਏਗਾ ਪਿੰਡ, ਉਹਨੇ ਅੱਜ ਔਣਾ ਜੁ ਹੋਇਆ।

ਬੰਤੀ : ਲੋਕ ਕਹਿੰਦੇ ਪਏ ਨੇ ਸਿੰਦਰ ਨੇ ਘਰ ਕਿਵੇਂ ਸਜਾਇਆ ਹੋਇਐ। ਘਰ ਦੇ ਅੰਦਰਾਂ ਨੂੰ ਪੇਂਟ ਕਰੌਣਾ ਈ ਸੀ, ਬਾਹਰਲੀਆਂ ਕੰਧਾਂ ਨੂੰ ਪੇਂਟ ਕਰਵਾ ਕੇ ਨੁਹਾਰ ਈ ਬਦਲ ਦਿੱਤੀ ਏ ਘਰ ਦੀ।

ਸਿੰਦਰ : ਅਸੀਂ ਅਪਣਾ ਘਰ ਜਿਵੇਂ ਮਰਜ਼ੀ ਸਜਾਈਏ, ਪੇਂਟ ਕਰਾਈਏ ਭਾਵੇਂ ਕਲੀ। ਲੋਕਾਂ ਦੇ ਢਿੱਡ 'ਚ ਵੱਟ ਪੈਂਦਾ ਹੋਣੈ।

ਬੰਤੀ : ਕਈਆਂ ਨੂੰ ਐਵੇਂ ਸਾੜਾ ਕਰਨ ਦੀ ਭੈੜੀ ਆਦਤ ਹੁੰਦੀ ਏ ਸਰਦਾਰਨੀਏ।

ਸਿੰਦਰ : ਜਿਹਦੀ ਕਿਸਮਤ ਵਿੱਚ ਸੜਣਾ ਲਿਖਿਐ, ਉਹਨੇ ਸੜਣਾ ਈ ਮਰਨਾ ਏ। ਤੌੜੀ ਉਬਲੂ ਤਾਂ ਅਪਣਾ ਕੰਢਾ ਸਾੜੂ।

ਬੰਤੀ : ਨਵੇਂ ਸਰਪੈਂਚ ਦਾ ਮੁੰਡਾ ਗੇਂਦਾ ਕਹਿੰਦਾ ਸੀ ਸਿੰਦਰ ਕੌਰ ਨੇ ਘਰ ਦਾ ਨਕਸ਼ਾ ਐਂ ਬਦਲ ਦਿੱਤੈ ਜਿਵੇਂ ਇਸ ਘਰ 'ਚ ਮੁੱਖ ਮੰਤਰੀ ਨੇ ਔਣਾ ਹੋਵੇ।

ਸਿੰਦਰ : ਨਾ ਅਪਣਾ ਬੀਰ ਕਿਸੇ ਮੁੱਖ ਮੰਤਰੀ ਤੋਂ ਭਲਾ ਘੱਟ ਏ ? ਮੁੱਖ ਮੰਤਰੀ ਦੇ ਸਿੰਗ ਉੱਗੇ ਹੁੰਦੇ ਨੇ ਭਲਾ ?

ਬੰਤੀ : ਆਹੋ ਸਰਦਾਰਨੀਏ, ਅਪਣਾ ਬੀਰ ਤਾਂ ਸਾਡੇ ਭਾਅ ਦਾ ਮੁੱਖ ਮੰਤਰੀ ਹੀ ਏ। ਉਹਦੀ ਟੌਹਰ ਨਾਲ ਦਾ ਬੰਦਾ ਐਸ ਇਲਾਕੇ 'ਚ ਨਹੀਉਂ ਲੱਭਣਾ ਭਾਵੇਂ ਲਾਲਟੈਣ ਫੜ ਕੇ ਲੱਭੀ ਜਾਓ।



ਸਿੰਦਰ : ਤੂੰ ਜਲਦੀ ਜਲਦੀ ਫਰਸ਼ ਤੇ ਪੋਚਾ ਮਾਰ ਦੇ। ਫਰਸ਼ ਐਂ ਚਮਕਾ ਦੇ ਕਿ ਵਿੱਚੋਂ ਮੂੰਹ ਨਜ਼ਰ ਆਵੇ।

ਬੰਤੀ : ਫਿਕਰ ਨਾ ਕਰ ਸਰਦਾਰਨੀਏ, ਵੱਟ ਕੱਢ ਦਿਆਂਗੀ।

ਸਿੰਦਰ : ਮੇਰਾ ਤਾਂ ਦਿਲ ਧੱਕ ਧੱਕ ਵੱਜ ਰਿਹੈ.....

ਬੰਤੀ : ਜਦੋਂ ਆਪਣਿਆਂ ਦੀ ਡੀਕ ਹੋਵੇ ਤਾਂ ਇੱਦਾਂ ਈ ਹੁੰਦੈ। ਸੋਹਣਾ ਛੈਲ ਛਬੀਲਾ ਬੀਰ ਕਾਰ ਵਿੱਚ ਆਏਗਾ ਪਿੰਡ। ਕਾਰ ਧੂੜਾਂ ਪੁੱਟਦੀ ਆਏਗੀ ਤੇ ਤੇਰੇ ਦਰਵਾਜੇ ਮੂਹਰੇ ਲਾਏਗੀ ਬਰੇਕ ਠਾਹ ਕਰਕੇ ਤੇ ਵਿੱਚੋਂ ਨਿਕਲੇਗਾ ਚਿੱਟਾ ਕਬੂਤਰ।

ਸਿੰਦਰ : ਤੂੰ ਕਿਵੇਂ ਦੀਆਂ ਗੱਲਾਂ ਕਰਨ ਲੱਗ ਪਈ ਏਂ ਅੱਜ, ਵੇਖੀਂ ਕਿਤੇ ਹੋਰ ਈ ਨਾ ਚੰਨ ਚਾੜ੍ਹ ਦੇਵੀਂ।

ਬੰਤੀ : *(ਹੌਲੀ ਜਿਹੀ)* ਨਾ ਨਾ ਚੰਨ ਚਾੜ੍ਹਣੇ ਤੁਹਾਨੂੰ ਈ ਸੋਭਦੇ ਨੇ ਸਰਦਾਰਨੀਏ।

*(ਦਿਆਲ ਆ ਜਾਂਦਾ ਹੈ, ਸਿੰਦਰ ਨੂੰ ਬੰਤੀ ਦੀ ਕਹੀ ਗੱਲ ਭੁੱਲ ਜਾਂਦੀ ਹੈ)*

ਦਿਆਲ : *(ਗੀਤ ਗਾਉਂਦਾ ਹੋਇਆ)* ਯੇ ਖੁਸ਼ੀ ਮਿਲੀ ਹੈ ਮੁਝ ਕੋ ਤੁਝੇ ਕੈਸੇ ਮੈਂ ਸੁਣਾਊਂ।

ਸਿੰਦਰ : ਅੱਜ ਬੜਾ ਗੀਤ ਗਾਉਂਦੇ ਪਏ ਹੋ ?

ਦਿਆਲ : *(ਖੁਸ਼ੀ ਵਿੱਚ)* ਬਸ ਇੱਦਾਂ ਈ ਏ।

ਬੰਤੀ : *(ਭਾਂਡੇ ਮਾਂਜਦੀ ਹੋਈ)* ਵੀਰਾ ਜੁ ਆ ਰਿਹੈ ਪਰਦੇਸੋਂ। ਅੱਜ ਤਾਂ ਅੱਡੀ ਨਹੀਂ ਲਗਣੀ ਜਮੀਨ ਤੇ।

ਸਿੰਦਰ : ਰਾਤ ਨੂੰ ਵੇਖਿਓ ਕਿਵੇਂ ਮੇਲਾ ਲਗਦੈ। ਪੀ ਕੇ ਇਹਨਾਂ ਗੌਣੀਆਂ ਨੇ ਪਾਕਿਸਤਾਨੀ ਗ਼ਜ਼ਲਾਂ।

ਦਿਆਲ : ਉਹ ਤਾਂ ਗਾਵਾਂਗੇ ਈ *(ਆਸੇ ਪਾਸੇ ਵੇਖਦਾ ਹੋਇਆ)* ਤੁਸੀਂ ਅਜੇ ਸਫਾਈ ਨਹੀਂ ਕੀਤੀ। ਘਰ 'ਚ ਸਮਾਨ ਖਿਲਰਿਆ ਹੋਵੇ ਭਲਾ ਚੰਗਾ ਲਗਦੈ।

ਬੰਤੀ : ਭਾ ਜੀ ਤੁਸੀਂ ਵੀ ਅੱਜ ਸਫਾਈਆਂ ਦਾ ਫਿਕਰ ਕਰਨ ਲੱਗ ਪਏ ਹੋ ? ਅੱਗੇ ਪਿੱਛੇ ਤਾਂ ਤੁਸੀਂ ਕਦੇ ਨਹੀਂ ਟੋਕਿਆ ਸਾਨੂੰ।

ਦਿਆਲ : ਟਾਈਮ ਟਾਈਮ ਦੀ ਗੱਲ ਹੁੰਦੀ ਏ ਬੰਤੀ। ਜਲਦੀ ਜਲਦੀ ਖਿਲਾਰਾ ਸਾਂਭ ਲੈ। ਖਿਲਾਰਾ ਐਂ ਪਾਇਐ ਜਿਵੇਂ ਝੱਲੀ ਜਨਾਨੀ ਅਪਣੇ ਵਾਲ ਖਿਲਾਰ ਛੱਡਦੀ ਏ।

*(ਸਿੰਦਰ ਤੇ ਬੰਤੀ, ਦਿਆਲ ਦੀ ਗੱਲ ਸੁਣ ਕੇ ਹੱਸਦੀਆਂ ਹਨ)*

ਬੰਤੀ, ਤੂੰ ਬਾਹਰ ਗਲੀ 'ਚ ਵੀ ਝਾੜੂ ਮਾਰ ਆ। ਬੀਰ ਔਣ ਈ ਵਾਲਾ ਹੋਣੈਂ।

**ਬੰਤੀ** : *(ਜਾਂਦੀ ਹੋਈ)* ਅੱਜ ਤਾਂ ਬੀਰ ਕਰਕੇ ਗਲੀ ਦੀ ਵੀ ਸੁਣੀ ਜਾਏਗੀ।

**ਸਿੰਦਰ** : ਹਾਰ ਲੈ ਆਏ ?

**ਦਿਆਲ** : ਆਹੋ, ਹਾਰ ਅੰਦਰ ਪਏ ਨੇ ਲਾਲ ਲਿਫਾਫੇ ਵਿੱਚ।

**ਸਿੰਦਰ** : ਕਿੰਨੇ ਕਿੰਨੇ ਵਾਲੇ ਨੇ ?

**ਦਿਆਲ** : ਸੌ ਸੌ ਰੁਪਏ ਵਾਲੇ ਨੇ।

**ਸਿੰਦਰ** : ਤੁਸੀਂ ਕੀ ਸੋਚਿਐ ? ਹਾਰ ਲਿਔਣੇ ਸੀ ਘੱਟੋ ਘੱਟ ਪੰਜ ਪੰਜ ਸੌ ਵਾਲੇ ਲਿਸ਼ ਲਿਸ਼ ਕਰਦੇ। ਬੀਰ ਕੀ ਸੋਚੇਗਾ ਦਿਲ ਵਿੱਚ ਸੌ ਵਾਲੇ ਹਾਰ ਪਾ ਤੇ।

**ਦਿਆਲ** : ਹਾਰ ਤਾਂ ਬੰਦੇ ਲਈ ਆਉ ਭਗਤ ਲਈ ਹੁੰਦੇ ਨੇ, ਭਾਵੇਂ ਸੌ ਵਾਲੇ ਹੋਣ, ਭਾਵੇਂ ਪੰਜਾਹ ਵਾਲੇ ਜਾਂ ਫਿਰ ਹਜ਼ਾਰ ਵਾਲੇ।

**ਸਿੰਦਰ** : ਤੂੰ ਭੋਲਾ ਪਾਤਸ਼ਾਹ ਏਂ। ਬੀਰ ਨੂੰ ਹਾਰ ਪਾਈਏ ਪੰਜ ਪੰਜ ਸੌ ਵਾਲੇ। ਅੱਜ ਤਾਈਂ ਐਨੇ ਮਹਿੰਗੇ ਹਾਰ ਕਿਸੇ ਨਹੀਂ ਪਾਏ। ਬੀਰ ਨੂੰ ਜਾਪੇਗਾ ਕਿ ਅਸੀਂ ਉਹਨੂੰ ਵੇਖ ਕੇ ਕਿੰਨੇ ਖੁਸ਼ ਆਂ। ਉਹ ਖੁਸ਼ ਹੋ ਗਿਆ ਤਾਂ ਫਿਰ ਸਾਡੀਆਂ ਪੌਂ ਬਾਰਾਂ।

**ਦਿਆਲ** : ਵਾਹ ! ਨਹੀਂ ਰੀਸਾਂ ਸਿੰਦਰ ਦੇ ਦਿਮਾਗ ਦੀਆਂ।

**ਸਿੰਦਰ** : *(ਖੁਸ਼ ਹੁੰਦੀ ਹੋਈ)* ਸਾਡੇ ਨਾਲ ਰਹੋਗੇ ਤਾਂ ਐਸ਼ ਕਰੋਗੇ, ਜਿੰਦਗੀ ਦੇ ਸਾਰੇ ਮਜ਼ੇ ਕੈਸ਼ ਕਰੋਗੇ।

**ਦਿਆਲ** : ਅੱਜ ਤੂੰ ਕੁਛ ਮੂਡ 'ਚ ਲਗਦੀ ਏਂ।

**ਸਿੰਦਰ** : ਸੱਚ ਇੱਕ ਤਾਂ ਗੱਲ ਈ ਰਹਿ ਗਈ ਫੋਟੋਗ੍ਰਾਫਰ ਵਾਲੀ ? ਹੁਣ ਕੀ ਹੋਏਗਾ ਬੀਰ ਤਾਂ ਔਣ ਈ ਵਾਲੈ।

**ਦਿਆਲ** : ਫੋਟੋਗ੍ਰਾਫਰ ਅੰਦਰ ਬੈਠੈ। ਸਾਰਾ ਪ੍ਰੋਗਰਾਮ ਮੈਂ ਟੱਲੀ ਕਰ ਦਿੱਤੈ। ਤੂੰ ਚਿੰਤਾ ਨਾ ਕਰ ਤੇ ਬਹਿ ਜਾ ਮੰਜੇ ਤੇ ਰਮਾਣ ਨਾਲ।

*(ਗੱਡੀ ਦੀ ਆਵਾਜ਼ ਆਉਂਦੀ ਹੈ)*

**ਸਿੰਦਰ** : ਵੇਖਿਓ ਭਲਾ ਉਹ ਆ ਗਿਐ ? ਮੈਂ ਹਾਰ ਲੈ ਆਵਾਂ ਅੰਦਰੋਂ।

**ਦਿਆਲ** : *(ਗਲੀ ਵੱਲ ਵੇਖਦਾ ਹੋਇਆ)* ਨਹੀਂ, ਇਹ ਤਾਂ ਅਮਰ ਸਿੰਘ ਦੀ ਕਾਰ ਦੀ ਵਾਜ ਸੀ।

**ਸਿੰਦਰ** : ਮੇਰਾ ਤਾਂ ਦਿਲ ਈ ਧੱਕ ਧੱਕ ਕਰਨ ਲੱਗ ਪਿਆ ਸੀ। ਪੁੱਤ ਜੁ ਹੋਇਆ ਮੇਰਾ ਬੀਰ।



**ਦਿਆਲ** : ਉਡੀਕ ਦੀਆਂ ਘੜੀਆਂ ਮੁੱਕਣ 'ਚ ਨਹੀਂ ਆਉਂਦੀਆਂ।

**ਸਿੰਦਰ** : ਤੁਸੀਂ ਕਸ਼ਮੀਰੇ ਨੂੰ ਭੇਜ ਦਿੱਤੈ ਬੀਰ ਨੂੰ ਲਿਔਣ ਵਾਸਤੇ ਦਿੱਲੀ। ਮੇਰੇ ਖਿਆਲ 'ਚ ਆਹ ਨਹੀਂ ਚੰਗਾ ਕੀਤਾ ਤੁਸੀਂ।

**ਦਿਆਲ** : ਇਹਦੇ ਵਿੱਚ ਮਾੜੀ ਗੱਲ ਕਿਹੜੀ ਏ ?

**ਸਿੰਦਰ** : ਰਾਹ ਵਿੱਚ ਔਂਦੇ ਔਂਦੇ ਬੀਰ ਦੇ ਕੰਨ ਈ ਨਾ ਭਰ ਦੇਵੇ ਸਾਡੇ ਉਲਟ। ਬਣੀ ਬਣਾਈ ਖੇਡ ਈ ਨਾ ਵਿਗੜ ਜਾਏ।

**ਦਿਆਲ** : ਉਹਦੀ ਕੀ ਮਜਾਲ ਏ ਸਾਡੇ ਤੇ ਤਵਾ ਲਾਏ, ਉਹ ਆਹ ਕੰਮ ਨਹੀਂ ਕਰ ਸਕਦਾ ਸਿੰਦਰ ਕੌਰੇ।

**ਸਿੰਦਰ** : ਸ਼ਰੀਕਾਂ ਤੇ ਵਿਸ਼ਵਾਸ਼ ਨਹੀਂ ਕਰਨਾ ਚਾਹੀਦਾ। ਉਹਦੇ ਨਾਲੋਂ ਤਾਂ ਕਾਲੇ ਚੋਰ ਤੇ ਤਬਾਰ ਕਰ ਲਈਏ।

**ਦਿਆਲ** : ਸਾਰਾ ਸਿਆਲ ਕਸ਼ਮੀਰਾ ਮੇਰੇ ਕੋਲੋਂ ਦਾਰੂ ਪੀਂਦਾ ਰਿਹੈ ਤੇ ਕੁੱਕੜ ਖਾਂਦਾ ਰਿਹੈ, ਅਜੇ ਵੀ ਮੇਰੇ ਉਲਟ ਚੱਲੇਗਾ ? ਉਹਨੂੰ ਪਤਾ ਨਹੀਂ ਮੇਰਾ, ਉਹ ਪੁੱਠੀ ਸਿੱਧੀ ਗੱਲ ਕਰੇਗਾ ਤਾਂ ਆਪੇ ਭੁੱਖਾ ਮਰੇਗਾ।

**ਸਿੰਦਰ** : ਉਹ ਦੋਗਲਾ ਏ ਦੋਗਲਾ। ਸਾਡੇ ਸਾਹਮਣੇ ਬੁੱਢੇ ਦੇ ਉਲਟ ਭੜਾਸ ਕੱਢਦਾ ਰਹਿੰਦੈ ਤੇ ਚੋਰੀ ਚੋਰੀ ਉਹਨੂੰ ਮਿਲ ਵੀ ਆਉਂਦੈ।

**ਦਿਆਲ** : ਦੋਗਲੀ ਸਿਆਸਤ ਵਾਲਿਆਂ ਦਾ ਬਹਿ ਜੇ ਭੱਠਾ। ਪਤਾ ਮੈਨੂੰ ਵੀ ਲੱਗਾ ਸੀ ਇੱਕ ਦਿਨ ਉਹ ਬਾਪੂ ਨੂੰ ਮਿਲ ਕੇ ਆਇਆ ਸੀ ਤੇ ਲੋਕਾਂ ਨੂੰ ਦੱਸਦਾ ਪਿਆ ਸੀ ਬਾਪੂ ਬਿਮਾਰ ਏ।

**ਸਿੰਦਰ** : ਆਹੋ ਫੱਟ ਲੱਗੀ ਬੁੱਢੇ ਨੂੰ। ਇਹਦੇ ਨਾਲ ਦੇ ਕਿੰਨੇ ਬੁੱਢੇ ਸਿਵਿਆਂ 'ਚ ਜਾ ਪਹੁੰਚੇ ਨੇ, ਇਹਨੂੰ ਸੱਦਾ ਨਹੀਂ ਔਂਦਾ ਰੱਬ ਵੱਲੋਂ। ਇੱਦਾਂ ਦੇ ਬੁੱਢਿਆਂ ਤੋਂ ਰੱਬ ਵੀ ਡਰਦੈ।

**ਦਿਆਲ** : ਬਾਪੂ ਨੇ ਕਿਹੜਾ ਕਿੱਲੇ ਗੱਡੇ ਨੇ। ਆਖਰ ਤਾਂ ਉਹਨੂੰ ਦੁਨੀਆਂ ਛੱਡ ਕੇ ਕੂਚ ਕਰਨਾ ਈ ਪਵੇਗਾ।

**ਸਿੰਦਰ** : ਉਹ ਕਰਮਾਂ ਵਾਲਾ ਦਿਨ ਆਏਗਾ ਤਾਂ ਸ਼ੁਕਰ ਕਰਾਂਗੀ। ਪ੍ਰਸ਼ਾਦ ਕਰਾਂਵਾਂਗੀ ਬਾਬੇ ਦੇ ਡੇਰੇ ਤੇ ਨਾਲੇ ਅੰਮਾਂ ਸੱਤੀ ਦੇ ਸੌ ਸੌ ਰੁਪਏ ਦਾ। ਮੇਰੇ ਮੂੰਹ ਤੇ ਇਹਨੇ ਜਿਹੜੀ ਚਪੇੜ ਮਾਰੀ ਸੀ, ਉਹਦਾ ਬਦਲਾ ਜ਼ਰੂਰ ਲਵਾਂਗੀ।

**ਦਿਆਲ** : ਚੱਲ ਛੱਡ, ਦਿੱਲ ਵੱਡਾ ਕਰ।

*(ਕਾਰ ਦੇ ਹਾਰਨ ਦੀ ਆਵਾਜ਼ ਆਉਂਦੀ ਹੈ)*

***ਸਿੰਦਰ*** : *(ਉਤਸੁਕਤਾ ਨਾਲ)* ਆਹ ਵਾਜ ?

**ਦਿਆਲ** : ਹਾਂ, ਹਾਂ, ਅਮਰ ਸਿੰਘ ਦੀ ਕਾਰ ਦਾ ਹਾਰਨ ਇੱਦਾਂ ਦਾ ਨਹੀਂ।
*(ਬੀਰ ਤੇ ਕਸ਼ਮੀਰਾ ਆਉਂਦੇ ਹਨ, ਉਹਨਾਂ ਦੇ ਪਿੱਛੇ ਚਾਨਣ ਕੰਮੀ ਨੇ ਸਿਰ 'ਤੇ ਵੱਡਾ ਜਿਹਾ ਅਟੈਚੀ ਕੇਸ ਚੁੱਕਿਆ ਹੈ)*

**ਸਿੰਦਰ** : ਬੰਤੀ ਕਿੱਥੇ ਮਰ ਗਈ ਏਂ ?

**ਬੰਤੀ** : *(ਤੇਜ਼ੀ ਨਾਲ ਆਉਂਦੀ ਹੋਈ)* ਆ ਗਈ, ਦੱਸ ਸਰਦਾਰਨੀਏ ?

**ਸਿੰਦਰ** : ਤੇਲ ਚੋਅ।

**ਬੀਰ** : *(ਹੱਸਦਾ ਹੋਇਆ)* ਤੇਲ ਸੁੱਟੋ ਖੁੱਲ੍ਹੇ ਦਿਲ ਨਾਲ।

**ਸਿੰਦਰ** : ਤੇਰੇ ਤੋਂ ਤੇਲ ਚੰਗੈ ਭਲਾ ?
*(ਬੰਤੀ ਤੇਲ ਚੋਂਦੀ ਹੈ, ਸਿੰਦਰ ਅਤੇ ਦਿਆਲ ਵਾਰੋ ਵਾਰੀ ਬੀਰ ਦੇ ਗਲ 'ਚ ਹਾਰ ਪਾਉਂਦੇ ਹਨ)*

**ਕਸ਼ਮੀਰਾ** : ਇੱਕ ਹਾਰ ਮੇਰੇ ਵੀ ਪਾ ਦਿਓ।

**ਸਿੰਦਰ** : ਤੁਹਾਡਾ ਹਾਰ ਕਾਅਦਾ ਬਣਦੈ ?

**ਕਸ਼ਮੀਰਾ** : ਬੀਰ ਨੂੰ ਦਿਲੀਉਂ ਲਿਔਣ ਦਾ।

**ਦਿਆਲ** : ਛੱਡੋ, ਨੋਕ ਝੋਕ ਜਿਹੀ ਸ਼ੁਰੂ ਕਰ ਦਿੱਤੀ ਏ ਤੁਸਾਂ।?ਕੈਮਰਾਮੈਨ ?
*(ਕੈਮਰਾਮੈਨ ਦੌੜਿਆ ਆਉਂਦਾ ਹੈ)*

**ਕੈਮਰਾਮੈਨ** : ਜੀ ਸਰ।

**ਸਿੰਦਰ** : ਖਿੱਚ ਫੋਟੋ।

**ਕਸ਼ਮੀਰਾ** : ਫੋਟੋ ਵਧੀਆ ਔਣੀ ਚਾਹੀਦੀ ਏ, ਭੈੜੀ ਫੋਟੋ ਹੋਈ ਤਾਂ ਪੈਸਾ ਇੱਕ ਨਹੀਂ ਮਿਲਣਾ।

**ਕੈਮਰਾ ਮੈਨ** : ਯੈੱਸ ਰੈਡੀ, ਓ ਕੇ।

**ਦਿਆਲ** : ਬੱਸ ਕਰ, ਬਾਕੀ ਫੋਟੋ ਉਦੋਂ ਖਿੱਚੀ ਜਦੋਂ ਕੱਠੇ ਬਹਿ ਕੇ ਪੈੱਗ ਲਾਵਾਂਗੇ।
*(ਦਿਆਲ ਅਤੇ ਬੀਰ ਗਲਵਕੜੀ ਪਾ ਕੇ ਮਿਲਦੇ ਹਨ। ਇਸ ਤੋਂ ਬਾਅਦ ਬੀਰ, ਸਿੰਦਰ ਕੌਰ ਦੇ ਪੈਰੀਂ ਹੱਥ ਲਾਉਂਦਾ ਹੈ ਜੋ ਉਸਨੂੰ ਪਿਆਰ ਦੇ ਕੇ ਗਲਵਕੜੀ ਵਿੱਚ ਲੈ ਲੈਂਦੀ ਹੈ)*

**ਬੀਰ** : ਕਿਵੇਂ ਭਾ ਜੀ ?

**ਦਿਆਲ** : ਗੱਡੀ ਵਧੀਆ ਚਲਦੀ ਪਈ ਏ। ਰਾਹ 'ਚ ਕੋਈ ਮੁਸ਼ਕਲ ਤਾਂ ਨਹੀਂ ਆਈ ?

**ਬੀਰ** : ਕੋਈ ਖਾਸ ਨਹੀਂ, ਬੱਸ ਮਿੱਟੀ ਘੱਟੇ ਡਸਟ ਦੀ ਪਰੋਬਲਮ ਏ।



**ਬੰਤੀ** : ਜੀ ਵਧਾਈਆਂ ਹੋਣ ਸਾਰਿਆਂ ਨੂੰ, ਭਰਾਵਾਂ ਨੂੰ ਭਰਾ ਮਿਲੇ ਨੇ। ਮੈਨੂੰ ਮੇਰੀ ਵਧਾਈ ਹੁਣੇ ਦੇ ਦਿਓ ਤੇਲ ਚੋਣ ਦੀ।

**ਸਿੰਦਰ** : *(ਬੰਤੀ ਨੂੰ ਘੂਰਦੀ ਹੋਈ)* ਕਾਕੇ ਨੂੰ ਪਾਣੀ ਧਾਣੀ ਤਾਂ ਪੀ ਲੈਣ ਦੇ। ਤੈਨੂੰ ਵਧਾਈ ਦੀ ਪੈ ਗਈ ਏ, ਪਰੇ ਹੋ ਕੇ ਬਹਿ ਜਾ।

**ਬੰਤੀ** : ਮੈਂ ਕਿਹੈ ਕਿਤੇ ਭੁੱਲ ਨਾ ਜਾਇਓ। ਮੇਰਾ ਹਿੱਸਾ ਨਾ ਮਰ ਜਾਏ ਤੁਹਾਡੀਆਂ ਚੋਪੜੀਆਂ ਚੋਪੜੀਆਂ ਗੱਲਾਂ 'ਚ।

**ਬੀਰ** : ਲੈ ਭਾਬੀ ਬੰਤੀ, ਪੰਜ ਡਾਲਰ। ਤੂੰ ਖੁਸ਼ ਰਹਿ, ਬੀ ਹੈਪੀ।
*(ਬੰਤੀ ਫੜਣ ਲਗਦੀ ਹੈ, ਪਰ ਸਿੰਦਰ ਪੰਜ ਡਾਲਰ ਦਾ ਨੋਟ ਫੜ ਲੈਂਦੀ ਹੈ)*

**ਸਿੰਦਰ** : ਬੰਤੀ, ਤੂੰ ਕੀ ਕਰਨੇ ਡਾਲਰ ?ਆਹ ਲੈ ਕਵੰਜਾ ਰੁਪਏ।

**ਬੰਤੀ** : ਮੇਰਾ ਤਾਂ ਸਾਰਾ ਹਿੱਸਾ ਈ ਮਾਰ ਗਈ ਏ ਸਰਦਾਰਨੀਏਂ।

**ਸਿੰਦਰ** : ਚੱਲ ਬਾਹਲੀ ਚਪੜ ਚਪੜ ਨਾ ਕਰ ਤੇ ਅਪਣਾ ਕੰਮ ਕਰ।
*(ਬੰਤੀ ਨਿਰਾਸ਼ ਹੋ ਕੇ ਚਲੀ ਜਾਂਦੀ ਹੈ)*
ਇਹਨਾਂ ਕੰਮੀਆਂ ਦਾ ਨਾ ਢਿੱਡ ਭਰਿਆ ਕਦੇ।

**ਬੀਰ** : ਕੋਈ ਨਹੀਂ ਭਰਜਾਈ, ਇਹਨਾਂ ਵੀ ਖੁਸ਼ੀ ਦੇ ਮੌਕੇ ਹੱਥ ਅਡਣੇ ਹੁੰਦੇ ਨੇ ਸਾਡੇ ਅੱਗੇ।

**ਸਿੰਦਰ** : ਅਜੇ ਮੁੰਡਾ ਪੂਰਾ ਘਰ ਵੜ੍ਹਿਆ ਨਹੀਂ, ਇਹਨੇ ਅਪਣੀ ਝੋਲੀ ਅੱਡ ਲਈ ਏ.....

**ਕਸ਼ਮੀਰਾ** : ਛੱਡ ਸਿੰਦਰ ਕੌਰੇ, ਤੂੰ ਕੀ ਵਿਆਹ 'ਚ ਬੀ ਦਾ ਲੇਖਾ ਪਾ ਕੇ ਬਹਿ ਗਈ ਏਂ। ਸਾਡੇ ਖਾਣ ਪੀਣ ਦਾ ਬੰਦੋਬਸਤ ਕੀਤੈ ਕਿ ਨਹੀਂ ?

**ਸਿੰਦਰ** : ਖਾਣ ਪੀਣ ਬਥੇਰਾ ਏ। ਪਰ ਇੱਕ ਗੱਲ ਯਾਦ ਰੱਖਿਓ ਕਾਕੇ ਨੂੰ ਬਾਹਲੀ ਨਾ ਪਿਆਇਓ।

**ਕਸ਼ਮੀਰਾ** : ਕਾਕੇ ਦੀ ਐਡੀ ਚਿੰਤਾ ਏ ਤਾਂ ਇਹਨੂੰ ਕੁੱਛੜ ਚੁੱਕ ਲੈ ਸਿੰਦਰ ਕੌਰੇ।
*(ਗੱਲ ਕਹਿ ਕੇ ਹੱਸਦਾ ਹੈ)*

**ਸਿੰਦਰ** : *(ਗੁੱਸੇ ਨਾਲ)* ਤੁਹਾਡੀ ਕਾਅਦੀ ਮਖੌਲਬਾਜੀ ਬਣਦੀ ਏ ਮੇਰੇ ਨਾਲ ?

**ਕਸ਼ਮੀਰਾ** : ਭਾਬੀਆਂ ਦਿਉਰਾਂ ਨਾਲ ਤਾਂ ਮਖੌਲ ਕਰਦੀਆਂ ਕਰਦੀਆਂ ਸਾਰੇ ਬੰਨੇ ਕੰਢੇ ਤੋੜ ਛੱਡਦੀਆਂ ਨੇ ਪਰ ਜੇ ਸਾਹਮਣੇ ਜੇਠ ਆ ਜਾਏ ਤਾਂ ਇਹਨਾਂ ਨੂੰ ਪਤਾ ਨਹੀਂ ਕਿਹੜਾ ਸੱਪ ਸੁੰਘ ਜਾਂਦਾ ਏ।

ਦਿਆਲ : *(ਇਹਨਾਂ ਗੱਲਾਂ ਤੋਂ ਅੱਕ ਕੇ)* ਛੱਡੋ ਭਾ ਜੀ, ਤੁਸੀਂ ਕਿਥੇ ਜਨਾਨੀਆਂ ਨਾਲ ਸਿੰਗ ਫਸਾ ਕੇ ਬਹਿ ਗਏ ਹੋ। ਅੰਦਰ ਸਾਰਾ ਪ੍ਰੋਗਰਾਮ ਟਿੱਚ ਹੋਇਐ। ਸਲਾਦ, ਫਰੂਟ, ਨਮਕੀਨ ਤੇ ਫਿਸ਼।

ਕਸ਼ਮੀਰਾ : *(ਸੁਆਦੋ ਸੁਆਦ ਹੁੰਦਾ ਹੋਇਆ)* ਪਹਿਲਾਂ ਕਿਉਂ ਨਹੀਂ ਦੱਸਿਆ। ਐਵੇਂ ਐਥੇ ਮੱਖੀਆਂ ਮਾਰਦੇ ਪਏ ਆਂ ਬਾਹਰ। ਚੱਲੋ ਅੰਦਰ ਖਾਣ ਪੀਣ ਨਾਲ ਦੋ ਹੱਥ ਕਰੀਏ। ਬੀਰ, ਤੂੰ ਵੀ ਆ ਜਾ।

ਬੀਰ : ਤੁਸੀਂ ਕਰੋ ਸ਼ੁਰੂ, ਮੈਂ ਜਰਾ ਠਹਿਰ ਕੇ ਪੀਵਾਂਗਾ।

ਦਿਆਲ : ਇੱਕ ਪੈੱਗ ਪੀ ਲੈ ਬੀਰ, ਫਿਰ ਭਾਵੇਂ ਘੰਟਾ ਠਹਿਰ ਕੇ ਪੀ ਲਈਂ।

ਸਿੰਦਰ : ਜੇ ਨਹੀਂ ਪੀਣਾ ਚਾਹੁੰਦਾ ਤਾਂ ਕਿਉਂ ਧੱਕਾ ਕਰਦੇ ਹੋ ? ਤੁਸੀਂ ਪੀਓ ਖਾਂ, ਤੁਹਾਨੂੰ ਡੱਕਿਆ ਕਿਸੇ।

ਕਸ਼ਮੀਰਾ : ਚੱਲ ਦਿਆਲ, ਆਪਾਂ ਤਾਂ ਟਕਰੀਏ ਦਾਰੂ ਸਿੱਕੇ ਨੂੰ ਸਿੱਧੇ ਹੋ ਕੇ। ਜਿਹਦੀ ਕਿਸਮਤ 'ਚ ਪੀਣੀ ਲਿਖੀ ਏ, ਉਹਨੇ ਅਪਣਾ ਕੋਟਾ ਪੂਰਾ ਕਰਨੈ ਈ ਕਰਨੈ।

*(ਕਸ਼ਮੀਰਾ ਅਤੇ ਦਿਆਲ ਅੰਦਰ ਜਾਂਦੇ ਹਨ, ਸਿੰਦਰ ਅਤੇ ਬੀਰ ਇੱਕ ਦੂਜੇ ਵੱਲ ਵੇਖ ਕੇ ਮੁਸਕਰਾਉਂਦੇ ਹਨ, ਦੋਹਾਂ ਦੀਆਂ ਨਜ਼ਰਾਂ ਇੱਕ ਦੂਜੇ ਨਾਲ ਮਿਲੀਆਂ ਹੋਈਆਂ ਹਨ)*

ਸਿੰਦਰ : ਮੈਂ ਤਾਂ ਪਿਛਲੇ ਦੋ ਦਿਨਾਂ ਤੋਂ ਸੁੱਤੀ ਨਹੀਂ।

ਬੀਰ : ਮੈਂ ਵੀ ਨਹੀਂ ਸੁੱਤਾ।

ਸਿੰਦਰ : ਕਿਵੇਂ ਚੱਲ ਰਿਹੈ ?

ਬੀਰ : ਦਰਸ਼ਨ ਹੋ ਗਏ, ਖੁਸ਼ ਆਂ।

ਸਿੰਦਰ : ਕਿਵੇਂ ਲੰਘਿਐ ਸਮਾਂ ?

ਬੀਰ : ਇੱਕ ਇੱਕ ਦਿਨ ਪਹਾੜ ਵਰਗਾ। ਤੂੰ ਕਿਵੇਂ ਗੁਜਾਰਿਆ ਵਕਤ ?

ਸਿੰਦਰ : ਤੇਰੇ ਵਾਂਗ ਹੀ.....

ਬੀਰ : ਪਿੰਡ ਦਾ ਕੀ ਹਾਲ ਏ ?

ਸਿੰਦਰ : ਤੂੰ ਪਿੰਡ ਆ ਗਿਐਂ, ਹੁਣ ਪਿੰਡ ਵੀ ਚੰਗਾ ਲਗਦੈ। ਤੇਰੇ ਆਇਆਂ ਬਹਾਰਾਂ ਆ ਗਈਆਂ ਨੇ ਪਿੰਡ ਵਿੱਚ।

ਬੀਰ : ਮੈਂ ਕੋਈ ਦੇਵਤਾ ਵਾਂ ?

ਸਿੰਦਰ : ਭਗਤਾਂ ਨੂੰ ਤਾਂ ਦੇਵਤਾ ਈ ਜਾਪਦੈਂ।

ਬੀਰ : *(ਰੁਮਾਂਟਿਕ ਹੁੰਦਾ ਹੋਇਆ)* ਐਨੀ ਭਗਤੀ ?

ਸਿੰਦਰ : ਭਗਤੀ 'ਚ ਸ਼ਕਤੀ, ਬੜੀ ਸ਼ਕਤੀ।



ਬੀਰ : ਸ਼ਕਤੀ ਕਿਵੇਂ ?

ਸਿੰਦਰ : ਜਿਹਨੇ ਖਿੱਚ ਲਿਐ ਅਮਰੀਕਾ ਤੋਂ ਜਿਵੇਂ ਲੋਹੇ ਨੂੰ ਚੁੰਬਕ ਖਿੱਚਦੀ ਏ।

ਬੀਰ : ਰੱਬ ਕਰੇ, ਚੁੰਬਕ ਲੋਹੇ ਨੂੰ ਖਿੱਚਦੀ ਰਹੇ।

*(ਦੋਵੇਂ ਹੱਸਦੇ ਹਨ ਤੇ ਹੱਥ ਨਾਲ ਹੱਥ ਮਿਲਾਉਂਦੇ ਹਨ)*

**ਅੰਦਰੋਂ ਕਸ਼ਮੀਰੇ ਦੀ ਆਵਾਜ਼** : ਬੀਰ ਹੁਣ ਤਾਂ ਆ ਜਾ। ਧਰਮ ਨਾਲ ਵਿਸਕੀ ਨੰਬਰ ਵਨ ਏ ਨਾਲੇ ਮੱਛੀ ਵੇਖਿਆਂ ਭੁੱਖ ਲਹਿੰਦੀ ਏ।

ਬੀਰ : *(ਉੱਚੀ ਆਵਾਜ਼ ਵਿੱਚ)* ਕਰੀ ਜਾਓ ਰਾਂਝਾ ਰਾਜੀ, ਕਰ ਲਓ ਸ਼ੌਂਕ ਪੂਰਾ। *(ਗੱਲ ਬਦਲਦਾ ਹੋਇਆ)* ਸਿੰਦਰ, ਤੇਰੇ ਬੱਚੇ ਕਿੱਥੇ ਨੇ ? ਆਸੇ ਪਾਸੇ ਤਾਂ ਕਿਤੇ ਦਿਸੇ ਈ ਨਹੀਂ।

ਸਿੰਦਰ : ਨਿਆਣੇ ਸਕੂਲੋਂ ਔਣ ਈ ਵਾਲੇ ਨੇ। ਦੋ ਕੁੜੀਆਂ ਦਿੱਤੀਆਂ ਨੇ ਰੱਬ ਨੇ। ਪਰਾਏ ਧਨ ਨੂੰ ਕਿੰਨਾ ਕੁ ਸਮਾਂ ਕੋਲ ਰੱਖਾਂਗੇ।

ਬੀਰ : ਤੂੰ ਦਿਲ ਨਾ ਛੱਡ। ਕੀ ਪਤੈ ਰੱਬ ਦੀ ਮੇਹਰ ਕਦੋਂ ਹੋ ਜਾਏ। ਰੱਬ ਦੇ ਘਰ ਦੇਰ ਹੋ ਸਕਦੀ ਏ, ਅੰਧੇਰ ਨਹੀਂ।

ਸਿੰਦਰ : ਪੱਕਾ ਈ ਅੰਧੇਰ ਹੋ ਗਿਐ।

ਬੀਰ : *(ਚੌਂਕ ਕੇ)* ਹੈਂ ?

ਸਿੰਦਰ : ਡਾਕਟਰਾਂ ਨੇ ਕਹਿ ਦਿੱਤੈ ਹੁਣ ਬੱਚੇ ਦੀ ਆਸ ਛੱਡ ਦੇ ਸਿੰਦਰ।

ਬੀਰ : ਉਹੋ......*(ਸੋਚੀਂ ਪੈ ਜਾਂਦਾ ਹੈ)*

ਸਿੰਦਰ : ਸੋਚੀਂ ਪੈ ਗਿਐਂ ? ਕੀ ਸੋਚ ਰਿਹੈਂ ?

ਬੀਰ : ਮੈਂ ਸੋਚਣਾਂ ਕਲ੍ਹ ਨੂੰ ਮੇਰਾ ਵਿਆਹ ਹੋ ਜਾਏ ਤਾਂ ਰੱਬ ਬੱਚੇ ਵੀ ਦੇਵੇਗਾ। ਮੈਂ ਅਪਣਾ ਮੁੰਡਾ ਤੁਹਾਡੇ ਨਾਂ ਤੇ ਕਰਵਾ ਦਿਆਂਗਾ।

ਸਿੰਦਰ : ਸਾਡੇ 'ਚ ਕੀ ਵੰਡਿਐ। ਤੂੰ ਐਸ ਛੁੱਟੀ ਵਿਆਹ ਕਰਨਾ ਏ ?

ਬੀਰ : ਜੇ ਕਹੋਗੇ ਤਾਂ ਕਰ ਲਵਾਂਗਾ।

ਸਿੰਦਰ : ਜੇ ਮੈਂ ਕਹਾਂ ਨਾ ਕਰ ਤਾਂ ਨਾ ਕਰੇਂਗਾ ?

ਬੀਰ : ਸਹੁੰ ਤੇਰੀ ਫਿਰ ਨਹੀਂ ਕਰਦਾ।

ਸਿੰਦਰ : ਨਾ ਨਾ ਤੂੰ ਵਿਆਹ ਜ਼ਰੂਰ ਕਰੀਂ। ਨਹੀਂ ਤਾਂ ਕਈ ਤਰ੍ਹਾਂ ਦੀਆਂ ਗੱਲਾਂ ਉਡਣਗੀਆਂ ਲੋਕਾਂ ਵਿੱਚ। *(ਦ੍ਰਿੜਤਾ ਨਾਲ)* ਤੇਰਾ ਵਿਆਹ ਮੈਂ ਜ਼ਰੂਰ ਕਰਾਂਗੀ।

ਬੀਰ : ਕੋਈ ਵੇਖਿਐ ਥਾਂ ?

**ਸਿੰਦਰ** : ਹਾਂ ਹਾਂ, ਮੈਂ ਅੰਦਰੋਂ ਫੋਟੋ ਲੈ ਕੇ ਆਈ।
*(ਅੰਦਰ ਜਾਂਦੀ ਹੈ)*

**ਬੀਰ** : *(ਆਪਣੇ ਆਪ ਨੂੰ)* ਬਿੱਲੇ ਨੇ ਨਿੱਕੇਪੁਰ ਦੀ ਕੁੜੀ ਦੀ ਜਿਹੜੀ ਫੋਟੋ ਵਿਖਾਈ ਸੀ, ਉਹਦੇ ਵਰਗੀ ਕੁੜੀ ਮਿਲ ਜੇ ਤਾਂ ਈ ਏ। ਵੇਖੀਏ ਲੇਖ ਸੰਜੋਗ ਕਿਧਰ ਭਿੜਦੇ ਨੇ।
*(ਸਿੰਦਰ ਆਉਂਦੀ ਹੈ, ਉਸ ਦੇ ਹੱਥ ਵਿੱਚ ਕਾਫੀ ਵੱਡੀ ਫੋਟੋ ਹੈ)*

**ਸਿੰਦਰ** : *(ਬੀਰ ਅੱਗੇ ਫੋਟੋ ਕਰਦੀ ਹੋਈ)* ਇਹ ਵੇ ਤੇਰੀ ਜੀਵਨ ਸਾਥਣ। *(ਗੱਲ ਕਹਿ ਕੇ ਹੱਸ ਪੈਂਦੀ ਹੈ)* ਪਸੰਦ ਏ ?

**ਬੀਰ** : *(ਉਦਾਸੀ ਵਿੱਚ)* ਫੈਸਲਾ ਕਰ ਕੇ ਦੱਸਾਂਗਾ।

**ਸਿੰਦਰ** : ਮੈਂ ਤਾਂ ਫੈਸਲਾ ਕਰ ਲਿਐ।

**ਬੀਰ** : ਕਰ ਲਿਐ ?

**ਸਿੰਦਰ** : ਹਾਂ, ਕੁੜੀ ਬੜੀ ਚੰਗੀ ਏ, ਘਰ ਘਰਾਣੇ ਦੀ ਏ। ਪਿਓ ਪਿੰਡ ਦਾ ਨੰਬਰਦਾਰ ਏ, ਉਹਦੇ ਤਿੰਨੇ ਮੁੰਡੇ ਅਮਰੀਕਾ ਗਏ ਨੇ। ਵਿਆਹ ਕੀ ਕਰਨੈਂ ਉਹਨਾਂ ਤਾਂ ਸਾਰਾ ਬਜਾਰ ਕੇ ਖਰੀਦ ਕੇ ਦੇ ਦੈਣੈਂ ਤੈਨੂੰ।

**ਬੀਰ** : ਮੈਨੂੰ ਬਜਾਰ ਨਹੀਂ ਚਾਹੀਦਾ, ਕੁੜੀ ਚਾਹੀਦੀ ਏ ਪਸੰਦ ਦੀ।

**ਸਿੰਦਰ** : ਕੁੜੀ ਨੂੰ ਕਿਹੜੇ ਕੀੜੇ ਪਏ ਨੇ, ਵੇਖਿਆਂ ਭੁੱਖ ਲਹਿੰਦੀ ਏ। ਕੁੜੀ ਵਾਲਿਆਂ ਵਿਆਹ 'ਚ ਕਾਰ ਦੇਣੀ ਏ ਪੰਜ ਲੱਖ ਵਾਲੀ।

**ਬੀਰ** : ਗੱਲ ਕਾਰ ਦੀ ਨਹੀਂ, ਗੱਲ ਕੁੜੀ ਦੀ ਏ। ਮੈਂ ਤੈਨੂੰ ਇੱਕ ਹੋਰ ਫੋਟੋ ਵਿਖੌਣਾਂ *(ਪਰਸ ਵਿੱਚੋਂ ਫੋਟੋ ਬਾਹਰ ਕੱਢਦਾ ਹੈ)* ਆਹ ਵੇਖ ਕੁੜੀ, ਤੂੰ ਆਹ ਕੁੜੀ ਨਾਲ ਮੇਰਾ ਰਿਸ਼ਤਾ ਪੱਕਾ ਕਰਵਾ ਦੇ।

**ਸਿੰਦਰ** : ਫੇਰ ਮੇਰੀ ਜੁਬਾਨ ਦਾ ਕੀ ਹੋਵੇਗਾ ?ਮੈਂ ਤਾਂ ਜਬਾਨ ਕਰ ਬੈਠੀ ਆਂ ਕੁੜੀ ਵਾਲਿਆਂ ਨਾਲ।

**ਬੀਰ** : ਉਹਨਾਂ ਨੂੰ ਟਰਕਾ ਦੇ ਝੂਠ ਸੱਚ ਮਾਰ ਕੇ।

**ਸਿੰਦਰ** : ਪਰ.....ਕੁੜੀ ਮੇਰੇ ਮਨ ਨੂੰ ਬੜੀ ਜਚੀ ਏ। ਮੈਂ ਤਾਂ ਤੇਰਾ ਰਿਸ਼ਤਾ ਉਥੇ ਈ ਕਰਨੈਂ।

**ਬੀਰ** : ਤੇਰੀ ਜਿੱਦ ਏ ?

**ਸਿੰਦਰ** : ਜਿੱਦ ਨਹੀਂ ਮਾਣ ਏ ਤੇਰੇ ਤੇ।

**ਬੀਰ** : ਪਰ ਮੇਰੀ.....

**ਸਿੰਦਰ** : ਪਰ ਪੁਰ ਕੁੱਛ ਨਹੀਂ, ਆਹ ਮੇਰੀ ਇਜਤ ਦਾ ਸਵਾਲ ਏ। ਕੁੜੀ



ਆਲੇ ਸਾਡੇ ਅਪਣੇ ਰਿਸ਼ਤੇਦਾਰ ਨੇ। ਮੈਂ ਉਹਨਾਂ ਨੂੰ ਚੰਗੀ ਤਰ੍ਹਾਂ ਵੇਖਿਐ ਪਰਖਿਐ।
*(ਦਿਆਲ ਅੰਦਰੋਂ ਬਾਹਰ ਆਉਂਦਾ ਹੈ)*

**ਦਿਆਲ** : ਕਿਹਨਾਂ ਨੂੰ ਵੇਖਿਐ ਪਰਖਿਐ ?

**ਸਿੰਦਰ** : ਮਾਡਲ ਟਾਊਨ ਵਾਲਿਆਂ ਨੂੰ, ਬੀਰ ਦੇ ਰਿਸ਼ਤੇ ਦੀ ਗੱਲ ਕਰ ਰਹੀ ਸੀ।

**ਦਿਆਲ** : ਬੀਰ, ਰਿਸ਼ਤਾ ਤਾਂ ਤੇਰਾ ਅਸੀਂ ਹੱਲਾ ਮਾਰ ਕੇ ਕਰ ਈ ਦਿੱਤੈ।

**ਬੀਰ** : ਬਾਪੂ ਨੂੰ ਪੁੱਛਿਐ ?

**ਸਿੰਦਰ** : ਉਹਨੂੰ ਕੀ ਪੁਛਣੈਂ ? ਉਹਨੇ ਕਦੇ ਤੇਰੇ ਬਾਰੇ ਪੁੱਛਿਆ ਈ ਨਹੀਂ ਕਿ ਬੀਰ ਕਿਹੜੇ ਹਾਲ 'ਚ ਰਹਿੰਦੈ। ਉਹਦਾ ਮੋਹ ਤਾਂ ਜਲੰਧਰ ਕੋਠੀਆਂ ਖੜ੍ਹੀਆਂ ਕਰਨ ਵਾਲੇ ਨੂਰੇ ਨਾਲ ਏ, ਜਿਹਨੇ ਛੇ ਸਾਲ ਤੀਹ ਕਿੱਲਿਆਂ ਦੀ ਕਮਾਈ ਖਾ ਲਈ। ਬਾਪੂ ਨੂੰ ਸ਼ੌਂਕ ਹੁੰਦਾ ਤਾਂ ਮਿਲਣ ਨਾ ਔਂਦਾ ਐਥੇ, ਅਸੀਂ ਕਿਹੜਾ ਫੜ ਕੇ ਬਾਹਰ ਕੱਢ ਦੇਣਾ ਸੀ।

**ਦਿਆਲ** : ਤੇਰੇ ਵਿਆਹ ਦੇ ਕਾਗਜ਼ ਬਣਾਉਣੇ ਸੀ ਮੈਂ ਛੇ ਦਿਨ ਦਿੱਲੀ ਧੱਕੇ ਖਾਂਦਾ ਰਿਹੈਂ ਅੱਤ ਦੀ ਗਰਮੀ 'ਚ। ਪਿੰਡ ਆਇਆ ਤਾਂ ਬਾਪੂ ਨੇ ਇੱਕ ਵਾਰ ਨਾ ਪੁੱਛਿਆ ਕਾਗਜ ਬਣੇ ਨੇ ਕਿ ਨਹੀਂ।

**ਬੀਰ** : *(ਗੱਲਾਂ ਵਿੱਚ ਆ ਜਾਂਦਾ ਹੈ)* ਤੁਹਾਡੀ ਬੜੀ ਬੜੀ ਮੇਹਰਬਾਨੀ। ਮੇਰੇ ਵਾਸਤੇ ਤਾਂ ਤੁਸੀਂ ਈ......

**ਦਿਆਲ** : ਮਾਂ ਪਿਓ ਹਾਂ। ਬਾਪੂ ਨੇ ਸਾਡੇ ਨਾਲ ਕਦੇ ਚੰਗੀ ਨਹੀਂ ਕੀਤੀ.....

**ਸਿੰਦਰ** : *(ਗੱਲ ਨੂੰ ਕੱਟ ਕੇ)* ਬਿਨਾਂ ਕਾਰਨ ਉਹਨੇ ਮੇਰੇ ਮੂੰਹ ਤੇ ਸਾਰਿਆਂ ਸਾਹਮਣੇ ਚਪੇੜ ਜੜ ਦਿੱਤੀ। *(ਰੋ ਪੈਂਦੀ ਹੈ)*

**ਬੀਰ** : ਮੈਂ ਪੁਛਾਂਗਾ ਬਾਪੂ ਨੂੰ ਚੰਗੀ ਤਰ੍ਹਾਂ।

**ਦਿਆਲ** : ਅਸੀਂ ਵੀ ਤੇਰੇ ਤੇ ਈ ਗੱਲ ਛੱਡ ਦਿੱਤੀ ਏ ਸਾਰੀ।

**ਬੀਰ** : ਭਾਬੀ, ਤੂੰ ਰੋ ਨਾ। ਮੈਂ ਤੁਹਾਡੇ ਨਾਲ ਆਂ, ਸਾਰੀ ਜ਼ਿੰਦਗੀ ਨਿਭਾਵਾਂਗਾ। ਤੇਰੇ ਜਿਹੜੀ ਚਪੇੜ ਵੱਜੀ ਸੀ, ਉਹਦਾ ਮੁੱਲ ਵੀ ਪਾਵਾਂਗਾ।

**ਸਿੰਦਰ** : ਤੂੰ ਈ ਸਾਡਾ ਪੁੱਤ ਏਂ। ਦੋਵੇਂ ਕੁੜੀਆਂ ਦੇ ਵਿਆਹ ਹੋ ਜਾਣ, ਇਹ ਘਰ ਬਾਹਰ ਵੀ ਤੇਰਾ ਈ ਏ।

**ਬੀਰ** : ਆਪਾਂ ਸਾਰੇ ਕੱਠੇ ਈ ਰਹਾਂਗੇ ਐਸ ਘਰ 'ਚ।

ਸਿੰਦਰ : *(ਗੱਲ ਬਦਲਦੀ ਹੋਈ)* ਸਮਾਨ ਕਿੰਨਾ ਕੁ ਲੈ ਕੇ ਆਇਐਂ ?

ਬੀਰ : ਦੋ ਬੈਗ ਭਰੇ ਪਏ ਨੇ। ਪੰਡ ਕਪੜਿਆਂ ਦੀ ਹੋਣੀ ਇਹਨਾਂ ਅੰਦਰ। ਇੱਕ ਬੈਗ ਵਿੱਚੋਂ ਇੱਕੋ ਰੰਗ ਦੇ ਚਾਰ ਸੂਟ ਨਿਕਲਣਗੇ, ਤਿੰਨ ਭਰਜਾਈਆਂ ਦੇ ਤੇ ਇੱਕ ਪਰੀਤੋ ਦਾ। ਕੁੱਝ ਸੂਟ ਚਲਦੇ ਚਲਦੇ ਨੇ, ਉਹ ਦੇ ਦਿਓ ਜੇ ਨੌਕਰਾਣੀਆਂ ਜਾਂ ਮੰਗਤੀਆਂ ਨੂੰ।

ਸਿੰਦਰ : ਤੇਰੀਆਂ ਭਰਜਾਈਆਂ ਨੂੰ ਦਿਆਂਗੀ ਸੂਟ ਨੌਕਰਾਣੀਆਂ ਵਾਲੇ। ਨੌਕਰਾਣੀਆਂ ਨੂੰ ਦਿਆਂਗੀ ਸੱਠਾਂ ਸੱਠਾਂ ਵਾਲੇ, ਬਥੇਰੇ ਪਏ ਨੇ ਸੰਦੂਕ ਵਿੱਚ। ਬਾਕੀ ਪਰੀਤੋ ਨੂੰ ਉਹਦੇ ਵਾਲਾ ਸੂਟ ਦੇ ਦਿਆਂਗੀ।

ਬੀਰ : ਤੂੰ ਸਾਰਿਆਂ ਨੂੰ ਖੁਸ਼ ਕਰ ਲਈਂ ਭਾਬੀ।

ਸਿੰਦਰ : ਪੈਸੇ ਕਿੰਨੇ ਕੁ ਲੈ ਕੇ ਆਇਐਂ ?

ਬੀਰ : ਹੈ ਨੇ ਚਾਰ ਕੁ ਲੱਖ।

ਸਿੰਦਰ : ਚਾਰ ਲੱਖ ਈ ? ਤਿੰਨ ਲੱਖ ਤਾਂ ਤੇਰੇ ਵਿਆਹ ਤੇ ਉੱਡ ਜਾਣੇ ਨੇ। ਚੁੱਲ੍ਹੇ 'ਚ ਪੈਣੀ ਮੰਗਿਆਈ ਨੇ ਤਾਂ ਮੂੰਹ ਅਸਮਾਨ ਵੱਲ ਚੁੱਕਿਐ।

ਬੀਰ : ਮੈਂ ਪਹਿਲਾਂ ਵੀ ਪੰਜੀ ਲੱਖ ਭੇਜੇ ਨੇ।

ਦਿਆਲ : ਬਥੇਰਾ ਕੁੱਝ ਏ ਸਿੰਦਰ ਕੌਰੇ.....

*(ਕਸ਼ਮੀਰਾ ਇੱਕ ਹੱਥ 'ਚ ਬੋਤਲ ਅਤੇ ਦੂਜੇ ਹੱਥ ਵਿੱਚ ਮੱਛੀ ਵਾਲੀ ਪਲੇਟ ਫੜੀ ਬਾਹਰ ਆਉਂਦਾ ਹੈ)*

ਕਸ਼ਮੀਰਾ : ਬਥੇਰਾ ਕੁੱਝ ਏ ਖਾਣ ਪੀਣ ਨੂੰ, ਪਰਵਾਹ ਨਹੀਂ ਟੁੰਡੇ ਲਾਟ ਦੀ।

ਸਿੰਦਰ : ਆਹ ਤਾਂ ਚੜ੍ਹ ਗਿਐ ਘੋੜੇ ਤੇ। ਤੁਸੀਂ ਘੜੀ ਨੱਚ ਟੱਪ ਲਉ, ਮੈਂ ਕੈਸੇਟ ਲਾ ਦੇਣੀ ਆਂ। ਲੋਕਾਂ ਨੂੰ ਪਤਾ ਲੱਗ ਜਾਏ ਕਾਕਾ ਪਿੰਡ ਆਇਐ।

ਕਸ਼ਮੀਰਾ : ਵਾਜ ਪੂਰਾ ਛੱਡ ਦੇ ਟੇਪ ਦਾ, ਆਪਾਂ ਲੁੱਡੀ ਪੌਣੀ ਏ ਅੱਜ।

ਗੀਤ ਦੀ ਆਵਾਜ਼ : ਨੀ ਤੂੰ ਨੱਚ ਲੈ, ਤੇਰੇ ਨੱਚਿਆਂ ਫਰਕ ਨਹੀਂ ਪੈਣਾਂ ਤੇ ਨੱਚ ਕੇ ਮਨਾ ਲੈ ਯਾਰ ਨੂੰ।

*(ਸਾਰੇ ਨੱਚਦੇ ਹਨ ਅਤੇ ਨਾਲ ਹਨੇਰਾ ਹੋ ਜਾਂਦਾ ਹੈ)*



## ਦ੍ਰਿਸ਼ ਸਤਵਾਂ

ਸਥਾਨ : ਧੰਨੇ ਦਾ ਘਰ, ਸਮਾਂ ਸਵੇਰ ਦਸ ਵਜੇ ਦੇ ਲਗਪਗ।

*(ਧੰਨਾ ਬਿਸਤਰੇ ਤੇ ਬੈਠਾ ਉਬਾਸੀਆਂ ਲੈ ਰਿਹਾ ਹੈ, ਕੋਲ ਹੀ ਦੂਸਰੀ ਮੰਜੀ ਤੇ ਜੀਤੋ ਬੈਠੀ ਹੈ)*

ਜੀਤੋ : ਕੀ ਗੱਲ ਰਾਤ ਨੀਂਦ ਨਹੀਂ ਆਈ ?

ਧੰਨਾ : ਨੀਂਦ ਕਿੱਥੇ ? ਸਾਰੀ ਰਾਤ ਸੋਚਦਿਆਂ ਈ ਲੰਘ ਗਈ।

ਜੀਤੋ : ਸੋਚ ਸੋਚ ਕੇ ਬਿਮਾਰੀ ਲਾ ਲੀ ਸਰੀਰ ਨੂੰ। ਐਵੇਂ ਬਾਹਲਾ ਸੋਚਿਆ ਨਾ ਕਰ।

ਧੰਨਾ : ਬਥੇਰਾ ਜਤਨ ਕੀਤਾ ਨਾ ਸੋਚਾਂ। ਪਰ ਕਮਬਖਤ ਸੋਚ ਮੈਨੂੰ ਛੱਡਦੀ ਈ ਨਹੀਂ।

ਜੀਤੋ : ਮੈਂ ਵੀ ਰਾਤ ਪਾਸੇ ਮਾਰ ਮਾਰ ਕੇ ਕੱਢਤੀ।

ਧੰਨਾ : ਮੇਰੇ ਤੋਂ ਹੁਣ ਮੰਜੇ ਤੇ ਪਏ ਪਾਸਾ ਵੀ ਨਹੀਂ ਮਾਰਨ ਹੁੰਦੈ। ਬਿਮਾਰੀ ਲਾ ਬੈਠਾਂ ਸਰੀਰ ਨੂੰ। ਤਾਕਤ ਪਤਾ ਨਹੀਂ ਕਿੱਥੇ ਦੌੜ ਗਈ ਸਰੀਰ 'ਚੋਂ।

ਜੀਤੋ : ਬੁਢਾਪਾ ਆਇਐ ਤੇ ਨਾਲ ਫਿਕਰਾਂ ਦੀ ਪੰਡ ਵੀ ਆ ਗਈ....

ਧੰਨਾ : ਆਹ ਸੁੱਖ ਦੇਣਾ ਸੀ ਮੁੰਡਿਆਂ ਨੇ ਸਾਨੂੰ ਪਿਛਲੀ ਉਮਰੇ।

ਜੀਤੋ : ਜ਼ਮਾਨੇ ਨੂੰ ਮਾਰ ਈ ਵੱਗ ਗਈ ਏ। ਬੀਰ ਦਾ ਤਾਂ ਮੈਨੂੰ ਪਹਿਲਾਂ ਈ ਪਤਾ ਸੀ ਉਹ ਸਿੱਧਾ ਸਿੰਦਰ ਦੇ ਘਰ ਈ ਜਾਵੇਗਾ।

ਧੰਨਾ : ਉਹ ਨਖਿੱਧ ਔਰਤ ਉਹਦੀ ਬੇਬੇ ਬਣੀ ਫਿਰਦੀ ਏ।

ਜੀਤੋ : ਪਾਪਣ ਕਿਸੇ ਥਾਂ ਦੀ। ਕੋਈ ਬੰਦਾ ਉਹਦਾ ਪਰਛਾਵਾਂ ਨਾ ਲਵੇ।

ਧੰਨਾ : *(ਬੀਰ ਨੂੰ ਸੰਬੋਧਨ ਕਰਕੇ)* ਓ ਬੀਰ ਨਿਕੰਮਿਆਂ ਤੂੰ ਕੀ ਸੋਚਿਆ ? ਤੂੰ ਆਹ ਭੁੱਲ ਗਿਆ ਤੈਨੂੰ ਸਭ ਤੋਂ ਨਿੱਕੇ ਨੂੰ ਮੈਂ ਲਾਡਾਂ ਨਾਲ ਪਾਲਿਆ ਮੈਂ ਸ਼ਹਿਰ ਜਾਣਾ ਤਾਂ ਤੇਰੇ ਲਈ ਖਾਣ ਵਾਲੀਆਂ ਚੀਜ਼ਾਂ ਲੈ ਕੇ ਔਣੀਆਂ। ਤੇਰੇ ਵਾਸਤੇ ਮੈਂ ਵਧੀਆ ਵਧੀਆ ਸੂਟ ਲੈ ਕੇ ਆਉਂਦਾ ਸੀ। ਤੈਨੂੰ ਵਧੀਆ ਸਕੂਲ 'ਚ ਪੜ੍ਹਨੇ ਪਾਇਆ ਪਰ ਤੂੰ ਪੜ੍ਹਾਈ 'ਚ ਨਲੈਕ ਈ ਰਿਹਾ, ਅੱਠਵੀਂ 'ਚੋਂ ਫੇਲ੍ਹ ਹੋ ਗਿਆ। ਉੱਲੂਆ, ਤੂੰ ਇਹ ਈ ਸੋਚ ਤੈਨੂੰ ਅਮਰੀਕਾ ਕਿਹਨੇ

ਭੇਜਿਆ ? ਜੇ ਉੱਥੇ ਕਮਾਈ ਕੀਤੀ ਏ ਤਾਂ ਡਾਲਰਾਂ ਦੇ ਡਾਲਰ ਅੰਨੇ ਵਾਹ ਸੁੱਟੀ ਜਾਂਦੈ ਸਿੰਦਰ ਕੌਰ ਦੇ ਘਰ।
*(ਪਰਨੇ ਨਾਲ ਅੱਖਾਂ ਸਾਫ਼ ਕਰਦਾ ਹੈ)*

**ਜੀਤੋ** : *(ਰੋਣਹਾਕੀ ਹਾਲਤ ਵਿੱਚ)* ਕਲ੍ਹ ਸ਼ਾਮ ਦਾ ਆਇਐ। ਅਜੇ ਤਾਈਂ ਨਹੀਂ ਮਿਲਣ ਆਇਆ ਸਾਨੂੰ। *(ਰੋ ਪੈਂਦੀ ਹੈ)*

**ਧੰਨਾ** : ਕਿਉਂ ਰੋਂਦੀ ਏਂ ? ਪ੍ਰੀਤੋ ਕਿਥੇ ਵੇ ?

**ਜੀਤੋ** : ਅੰਦਰ ਪਈ ਏ, ਕਹਿੰਦੀ ਏ ਸਿਰ ਦੁੱਖਦੈ।

**ਧੰਨਾ** : ਸਾਨੂੰ ਦੁੱਖੀ ਵੇਖ ਵੇਖ ਕੇ ਉਹ ਵਿਚਾਰੀ ਵੀ ਦੁੱਖੀ ਰਹਿੰਦੀ ਏ।

**ਜੀਤੋ** : ਮੈਂ ਤਾਂ ਕਹਿਣੀ ਆਂ ਪਰੀਤੋ ਦਾ ਵਿਆਹ ਕਰ ਦੇਈਏ।

**ਧੰਨਾ** : ਮੁੰਡਾ ਛੇ ਮਹੀਨਿਆਂ ਬਾਦ ਔਣੈਂ ਕਨੇਡਾ ਤੋਂ। ਮੁੰਡਾ ਤਾਂ ਚਲੋ ਆ ਈ ਜਾਏਗਾ ਪਰ ਵਿਆਹ ਕਿਵੇਂ ਕਰਨੈਂ ? ਆਹ ਕੰਜਰ ਲਾਣਗੇ ਪੈਸਾ ਵਿਆਹ ਤੇ ?

**ਜੀਤੋ** : ਆਸ ਤਾਂ ਨਹੀਂ ਛੱਡਣੀ ਚਾਹੀਦੀ।

**ਧੰਨਾ** : ਪਾਈ ਰੱਖ ਆਸ ਦਾ ਪੱਲਾ ਗਲ ਵਿੱਚ। ਤੇਰੀਆਂ ਸਾਰੀਆਂ ਰੀਝਾਂ ਕਰ ਦੇਣਗੇ ਪੂਰੀਆਂ ਇੱਕ ਇੱਕ ਕਰਕੇ ਆਹ ਯੋਧੇ।

**ਜੀਤੋ** : ਪੈਸੇ ਨਾ ਲਾਣਗੇ ਤਾਂ ਵੇਚ ਦਿਆਂਗੇ ਦੋ ਕਿੱਲੇ।

**ਧੰਨਾ** : ਇਹੋ ਤਾਂ ਮੁਸ਼ਕਲ ਏ ਪੈਲੀ ਵੇਚੀਏ ਤਾਂ ਬਦਨਾਮੀ, ਨਾ ਵੇਚੀਏ ਤਾਂ ਕੰਮ ਨਹੀਂ ਚਲਣਾ। ਦੋਵੇਂ ਪਾਸੇ ਮਰੇ ਈ ਮਰੇ। ਤੂੰ ਅੰਦਰ ਜਾ ਕੇ ਉਹ ਪੀਲੀ ਗੋਲੀ ਲਿਆ ਕੇ ਦੇ, ਮੇਰਾ ਦਿਲ ਕਾਹਲਾ ਜਿਹਾ ਪੈਂਦਾ ਪਿਐ। ਘੜੀ ਨੀਂਦ ਵੀ ਆ ਜਾਏਗੀ ਗੋਲੀ ਖਾ ਕੇ।

**ਜੀਤੋ** : ਆਹੋ, ਹੁਣ ਤਾਂ ਗੋਲੀ ਖਾ ਖਾ ਕੇ ਈ ਨੀਂਦ ਲਿਔਣੀ ਪੈਂਦੀ ਏ।
*(ਬੀਰ ਆਉਂਦਾ ਹੈ)*

**ਬੀਰ** : ਬਾਪੂ ਮੱਥਾ ਟੇਕਦਾਂ।

**ਧੰਨਾ** : *(ਹੌਲੀ ਜਿਹੀ ਆਵਾਜ਼ ਵਿੱਚ)* ਜੀਂਦਾ ਰਹੁ *(ਰੋ ਪੈਂਦਾ ਹੈ)*

**ਬੀਰ** : ਬੇਬੇ ਪੈਰੀਂ ਪੈਣਾਂ।

**ਜੀਤੋ** : ਸੁੱਖੀ ਰਹੁ *(ਰੋ ਪੈਂਦੀ ਹੈ)*

**ਬੀਰ** : ਤੁਸੀਂ ਦੋਵੇਂ ਰੋ ਪਏ ਹੋ। ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦਾ ਸੀ ਮੈਨੂੰ ਵੇਖ ਕੇ। ਪਰਦੇਸਾਂ ਵਿੱਚੋਂ ਆਇਆਂ।

**ਧੰਨਾ** : ਪੁੱਤਰਾ, ਮੈਨੂੰ ਕਿਹੜਾ ਨਹੀਂ ਪਤਾ ਕਿ ਤੂੰ ਪਰਦੇਸੋਂ ਆਇਐਂ। ਲੰਮੇ ਵਿਛੋੜੇ ਬਾਅਦ ਮਿਲਣ ਤੇ ਅੱਖਾਂ 'ਚ ਹੰਝੂ.....

**ਬੀਰ** : ਬਾਪੂ, ਤੇਰੀ ਸੇਹਤ ਕੁੱਝ ਕਮਜੋਰ ਜਿਹੀ ਲਗਦੀ ਏ ਮੈਨੂੰ।



**ਧੰਨਾ** : ਆਹੋ ਪੁੱਤਰਾ, ਦੂਜਾ ਸਿਰਾ ਨੇੜੇ ਆ ਗਿਐ। ਇਹੋ ਖਾਹਿਸ਼ ਸੀ ਮੈਂ ਆਪਣੇ ਛੋਟੇ ਬੀਰ ਨੂੰ ਵੇਖ ਲਵਾਂ। ਹੇ ਵਾਹਿਗੁਰੂ। ਤੇਰਾ ਲੱਖ ਲੱਖ ਸ਼ੁਕਰ ਏ ਤੂੰ ਮੇਰੀ ਆਹ ਖਾਹਿਸ਼ ਪੂਰੀ ਕਰ ਦਿੱਤੀ।

**ਬੀਰ** : ਬਾਪੂ ਤੂੰ ਚੰਗਾ ਖਾ ਪੀ ਤੇ ਐਸ਼ ਕਰ।

**ਧੰਨਾ** : ਚੰਗੀ ਐਸ਼ ਕਰਾਈ ਤੂੰ ਪੁੱਤਰਾ ! ਬਾਹਰ ਤੈਨੂੰ ਮੈਂ ਭੇਜਿਆ ਵਿਆਜ ਤੇ ਪੈਸੇ ਚੁੱਕ ਕੇ ਤੇ ਗੁਲਸ਼ਰੇ ਹੋਰ ਈ ਉਡਾਈ ਫਿਰਦੇ ਨੇ ਤੇਰੀ ਕਮਾਈ ਤੇ।

**ਬੀਰ** : ਬਾਪੂ, ਜਮੀਨ ਤੇਰੇ ਕੋਲ ਏ। ਜਮੀਨ ਦਾ ਠੇਕਾ ਬਥੇਰਾ ਆਉਂਦੈ।

**ਧੰਨਾ** : ਕੀ ਆਉਂਦੈ ਠੇਕਾ ? ਅੱਧੀ ਜਮੀਨ ਤਾਂ ਮੈਂ ਮੁੰਡਿਆਂ 'ਚ ਵੰਡ ਦਿੱਤੀ। ਬਾਕੀ ਅੱਧੀ ਦਾ ਠੇਕਾ ਔਂਦੈ ਤਾਂ ਘਰਾਂ ਦੇ ਖਰਚੇ ਕਿੰਨੇ ਨੇ ? ਸਾਡੀ ਹਰ ਚੀਜ਼ ਮੁੱਲ ਦੀ ਏ। ਸਬਜ਼ੀ ਮੁੱਲ ਦੀ, ਦੁੱਧ ਮੁੱਲ ਦਾ, ਕਪੜੇ ਲੀੜੇ ਦਾ ਖਰਚ ਤੇ ਹੋਰ ਆਏ ਗਏ ਨੂੰ ਸਾਂਭਣਾ।

**ਜੀਤੋ** : ਤੇਰਾ ਬਾਪੂ ਬਿਮਾਰ ਰਹਿੰਦੈ। ਕਦੇ ਇਹਦਾ ਬਲੱਡ ਪਰੈਸ਼ਰ ਵੱਧ ਜਾਂਦੈ, ਕਦੇ ਦਿਲ ਨੂੰ ਖਿੱਚ ਪੈਣ ਲੱਗਦੀ ਏ, ਸ਼ਹਿਰ ਡਾਕਟਰ ਕੋਲ ਜਾਣਾ ਪੈਂਦੈ। ਸ਼ਹਿਰਾਂ ਦੇ ਤਾਂ ਬਸ ਕਿਰਾਏ ਨਹੀਂ ਮਾਣ, ਬਾਕੀ ਦਵਾਈਆਂ ਤੇ ਡਾਕਟਰ ਦੀ ਫੀਸ.....ਤੂੰ ਪੁੱਛ ਈ ਨਾ ਕੁੱਝ। ਇਹਨਾਂ ਮੁੰਡਿਆਂ 'ਚੋਂ ਕੋਈ ਵੀ ਦਵਾਈ ਨਹੀਂ ਲਿਆ ਕੇ ਦੇਂਦਾ।

**ਧੰਨਾ** : ਤੂੰ ਕਲ੍ਹ ਕਿਉਂ ਨਹੀਂ ਆਇਆ ਮਿਲਣ ?

**ਬੀਰ** : ਬਾਪੂ, ਰਾਤ ਥੋੜੀ ਵੱਧ ਪੀਤੀ ਗਈ, ਸੋਚਿਆ ਸਵੇਰੇ ਜਾ ਕੇ ਮਿਲ ਲਵਾਂਗਾ।

**ਧੰਨਾ** : ਤੂੰ ਸਿੱਧਾ ਐਧਰ ਔਣਾ ਸੀ ਸਮਾਨ ਲੈ ਕੇ।

**ਬੀਰ** : ਉਹ ਵੀ ਤੇਰਾ ਈ ਘਰ ਏ ਬਾਪੂ। ਵੱਡਾ ਭਰਾ ਤੇ ਭਾਬੀ ਮਾਂ ਪਿਓ ਬਰੋਬਰ ਈ ਹੁੰਦੇ ਨੇ।

**ਧੰਨਾ** : ਭਾਬੀ ਤੇ ਵੱਡਾ ਭਰਾ ਕਦੇ ਮਾਂ ਪਿਓ ਬਰੋਬਰ ਨਹੀਂ ਹੋ ਸਕਦੇ। ਉਹ ਤੇਰੇ ਸ਼ਰੀਕ ਨੇ ਸ਼ਰੀਕ, ਅਸੀਂ ਹਾਂ ਤੇਰੇ ਮਾਂ ਪਿਓ।

**ਬੀਰ** : ਸਾਡਾ ਭਰਾਵਾਂ ਦਾ ਰਾਮ-ਭਰਤ ਵਾਲਾ ਪਿਆਰ ਏ ਤੇ ਭਾਬੀ ਤਾਂ ਨਿਰੀ ਸੀਤਾ ਏ ਸੀਤਾ।

**ਧੰਨਾ** : ਉਹ ਸੀਤਾ ਨਹੀਂ, ਉਹ ਸਰੂਪ ਨਖਾ ਏ ਕੁਲੱਛਣੀ। ਮੈਂ ਤਾਂ ਕਹਿਣਾਂ ਉਹ ਸਰੂਪ ਨਖਾ ਦੀ ਵੀ ਬੇਬੇ ਵੇ।

**ਜੀਤੋ** : ਮੈਂ ਤੇਰੀ ਮਾਂ ਨਹੀਂ ? ਤੈਨੂੰ ਜੰਮਿਆ ਕਿਹਨੇ ਸੀ ? ਤੈਨੂੰ ਪਾਲਿਆ

ਕਿਹਨੇ ਸੀ ? ਕਿਹੜਾ ਮਾੜਾ ਕਰ ਦਿੱਤੈ ਮੈਂ ਲਾਦ ਦਾ ? ਉਹ ਤੇਰੀ ਮਾਂ ਬਣ ਗਈ ਤੇ ਮੈਨੂੰ ਜੀਂਦੇ ਜੀਅ ਮਾਰ ਛੱਡਿਐ ਤੂੰ।
*(ਜੀਤੋ ਙੁੱਟ ਙੁੱਟ ਕੇ ਰੋਂਦੀ ਹੈ)*

**ਬੀਰ** : ਐਹੋ ਪੰਗੇ ਕਰਕੇ ਮੈਂ ਨਹੀਂ ਸੀ ਔਂਦਾ ਅਮਰੀਕਾ ਤੋਂ। ਤੁਸੀਂ ਸਾਰੇ ਵੱਖਰੀ ਵੱਖਰੀ ਡਫਲੀ ਵਜਾਉਂਦੇ ਪਏ ਹੋ। ਮੈਂ ਤਾਂ ਤੰਗ ਆ ਗਿਆ ਤੁਹਾਡੀਆਂ ਗੱਲਾਂ ਸੁਣ ਕੇ।

**ਧੰਨਾ** : ਅਸੀਂ ਤਾਂ ਤੇਰੀ ਹਰ ਵੇਲੇ ਸੁੱਖ ਮੰਗਦੇ ਆਂ। ਤੈਨੂੰ ਇੱਕ ਗੱਲ ਜ਼ਰੂਰ ਕਹਿਣਾਂ ਅਪਣੀ ਕਮਾਈ ਸਾਂਭ ਕੇ ਰੱਖ। ਮੈਨੂੰ ਵੀ ਨਾ ਦੇ, ਬਾਕੀ ਪਰੀਤੋ ਦਾ ਵਿਆਹ ਕਰੋ ਗੱਜ ਵੱਜ ਕੇ।

**ਬੀਰ** : ਗੱਜ ਵੱਜ ਕੇ ਈ ਕਰਾਂਗੇ। ਸਾਡੀ ਇੱਕੋ ਭੈਣ ਰਹਿ ਗਈ ਵਿਔਣ ਵਾਲੀ।

**ਧੰਨਾ** : ਮੈਂ ਤਾਂ ਦਿਨ ਰਾਤ ਪਰੀਤੋ ਦੇ ਵਿਆਹ ਦਾ ਜੁਗਾੜ ਕਰਨ 'ਚ ਲੱਗਾ ਰਹਿਣਾਂ। ਤੂੰ ਵਿਆਹ ਵਾਸਤੇ ਕਿੰਨਾ ਕੁ ਦੇਵੇਂਗਾ ?

**ਬੀਰ** : ਸਲਾਹ ਕਰ ਕੇ ਦਸਾਂਗਾ।

**ਧੰਨਾ** : ਕੀਹਦੇ ਨਾਲ ?

**ਬੀਰ** : ਭਾਬੀ ਸਿੰਦਰ ਤੇ ਭਾ ਜੀ ਦਿਆਲ ਨਾਲ।

**ਜੀਤੋ** : ਤੇਰੀ ਅਪਣੀ ਮੱਤ ਨਹੀਂ ਕੰਮ ਕਰਦੀ ? ਉਸ ਫੱਫੇਕੁੱਟਣੀ ਦੇ ਇਸ਼ਾਰਿਆਂ ਤੇ ਨੱਚਦਾ ਰਿਹਾ ਤਾਂ ਕੋਈ ਖੱਟੀ ਖੱਟ ਲਵੇਂਗਾ।

**ਧੰਨਾ** : ਬਚ ਜਾ ਚੰਡਾਲ ਤੋਂ। ਸਾਰੇ ਘਰ ਨੂੰ ਉਹਨੇ ਵੇਰੂ ਖੇਰੂ ਕਰ ਕੇ ਰੱਖ ਦਿੱਤੈ। ਮੈਂ ਕਿਹਾ ਬਚ ਜਾ ਬੀਰ, ਨਹੀਂ ਤਾਂ ਚਿੜੀ ਖੇਤ ਚੁੱਗ ਗਈ ਤਾਂ ਪਛਤਾਏ ਕੀ ਬਣਨੈਂ ?

**ਬੀਰ** : ਭਾਬੀ ਨੇ ਤੁਹਾਡਾ ਕੀ ਵਿਗਾੜਿਐ ? ਗੱਲ ਗੱਲ 'ਚ ਜਹਿਰ ਉਗਲਦੇ ਪਏ ਹੋ ਉਹਦੇ ਉਲਟ ਤੁਸੀਂ ਦੋਵੇਂ।

**ਧੰਨਾ** : ਉਹਨੇ ਸਾਡੇ ਪੱਲੇ ਛੱਡਿਆ ਈ ਕੀ ? ਸਾਡੇ ਦੁਸ਼ਮਣਾਂ ਦੇ ਘਰ ਗਈ ਤੇ ਅਮਰ ਸਿੰਘ ਨੂੰ ਹੱਲਾ ਸ਼ੇਰੀ ਦੇ ਕੇ ਸਰਪੰਚੀ ਲਈ ਖੜ੍ਹਾ ਕਰ ਦਿੱਤਾ।

**ਬੀਰ** : ਬਾਪੂ, ਤੂੰ ਕਿਹੜੀ ਬੰਦਿਆਂ ਵਾਲੀ ਕੀਤੀ ਏ ਭਾਬੀ ਨਾਲ।

**ਧੰਨਾ** : ਮੈਂ ਉਹਨੂੰ ਕਿਹੜਾ ਫੱਟ ਮਾਰਤਾ।

**ਬੀਰ** : ਤੂੰ ਭਰੀ ਸਭਾ 'ਚ ਉਹਦੇ ਮੂੰਹ ਤੇ ਥੱਪੜ ਜੜ੍ਹ ਦਿੱਤਾ। ਉਹਦੇ ਪੱਲਿਆ ਕੀ ਰਹਿ ਗਿਆ ? ਸਾਡੀ ਕਿਸੇ ਭੈਣ ਦੇ ਮੂੰਹ ਤੇ ਮਾਰੇ



ਹਾਂ ਥੱਪੜ ਉਹਦਾ ਸਹੁਰਾ, ਅਸੀਂ ਉਹਦੀਆਂ ਵੜਾਛਾਂ ਨੂੰ ਹੱਥ ਨਾ ਪਾਵਾਂਗੇ ?

**ਧੰਨਾ** : ਸਾਡੀਆਂ ਕੁੜੀਆਂ ਨਾਲ ਉਹ ਮਿਲ ਗਈ ਬੇਸ਼ਰਮ, ਜਿਹਨੇ ਵੀਹ ਘਰ ਫਿਰ ਕੇ ਰੋਟੀ ਪਚੌਣੀ ਹੁੰਦੀ ਏ।

**ਬੀਰ** : ਬਾਪੂ ਤੇਰਾ ਦਿਮਾਗ ਖਰਾਬ ਹੋ ਗਿਐ।

**ਧੰਨਾ** : ਦਿਮਾਗ ਤਾਂ ਤੇਰਾ ਈ ਨਹੀਂ ਰਿਹਾ। ਜਿਵੇਂ ਉਹ ਨਚੌਂਦੀ ਏਂ, ਉਸੇ ਤਰ੍ਹਾਂ ਨੱਚੀ ਜਾਂਦੈ। ਅਜੇ ਵੀ ਵੇਲਾ ਏ ਸਮਝ ਜਾ ਪੁੱਤਰਾ।

**ਜੀਤੋ** : ਨਹੀਂ ਤਾਂ ਖਤਾ ਈ ਖਾਵੇਂਗਾ।

**ਬੀਰ** : ਤੁਹਾਡੇ ਕੋਲੋਂ ਐਹੋ ਅਸੀਸਾਂ ਮਿਲਣੀਆਂ ਸੀ।

**ਧੰਨਾ** : ਉਸ ਔਰਤ ਨੇ ਤੈਨੂੰ ਚਾਬੀ ਦੇ ਕੇ ਛੱਡਿਐ, ਨੱਚੀ ਜਾ ਜਿਵੇਂ ਡੋਰ ਹਿਲੌਂਦੀ ਏ। ਤੇਰਾ ਘਰ ਇਹ ਵੇ, ਤੇਰੇ ਹਿੱਸੇ ਇਹੋ ਘਰ ਔਂਦੈ। ਤੂੰ ਬੰਦਾ ਬਣ ਕੇ ਸਮਾਨ ਚੁੱਕ ਕੇ ਆ ਜਾ ਐਥੇ।

**ਬੀਰ** : ਮੈਂ ਤੇ ਦਿਆਲ ਭਾ ਜੀ ਨੇ ਸਾਰੀ ਉਮਰ ਉਧਰ ਕੱਠਿਆਂ ਈ ਰਹਿਣੈਂ। ਮੈਨੂੰ ਨਹੀਂ ਲੋੜ ਐਸ ਘਰ ਦੀ।

**ਜੀਤੋ** : ਪੁੱਤਰ, ਸਾਰੀ ਦੁਨੀਆਂ ਵੱਲ ਝਾਤੀ ਮਾਰ ਕੇ ਵੇਖ। ਕੋਈ ਸ਼ਰੀਕ ਦੂਜੇ ਸ਼ਰੀਕ ਨਾਲ ਕੱਠਾ ਰਿਹੈ ਸਾਰੀ ਉਮਰ ?

**ਬੀਰ** : ਅਸੀ ਕੋਈ ਸ਼ਰੀਕ ਸ਼ਰੂਕ ਨਹੀਂ, ਅਸੀਂ ਭਰਾ ਵਾਂ (ਕੁੱਝ ਯਾਦ ਕਰਦਾ ਹੋਇਆ) ਇੱਕ ਗੱਲ ਤਾਂ ਯਾਦੋਂ ਈ ਰਹਿ ਚੱਲੀ ਸੀ.....

**ਜੀਤੋ** : ਉਹ ਵੀ ਕਰ ਲੈ ਲਗਦੇ ਹੱਥ।

**ਬੀਰ** : ਤੁਸੀਂ ਦੋਵੇਂ ਤਿਆਰ ਹੋ ਜੋ, ਕੁੜੀ ਵਾਲਿਆਂ ਦੇ ਘਰ ਜਾਣੈਂ।

**ਧੰਨਾ** : *(ਹੈਰਾਨੀ ਵਿੱਚ)* ਕਿਹੜੇ ਕੁੜੀ ਵਾਲਿਆਂ ਦੇ ਘਰ ?

**ਬੀਰ** : ਤੁਹਾਡੀ ਹੋਣ ਵਾਲੀ ਨੂੰਹ ਦੇ ਘਰ।

**ਧੰਨਾ** : ਰਿਸ਼ਤਾ ਕਿਹੜੇ ਪਿੰਡ ਕੀਤੈ ਤੇ ਕਿਹਦੇ ਘਰ ?

**ਬੀਰ** : ਮੈਨੂੰ ਤਾਂ ਪਤਾ ਨਹੀਂ, ਭਾ ਜੀ ਤੇ ਭਾਬੀ ਹੁਰਾਂ ਨੂੰ ਪਤੈ ਕਿ ਕੁੜੀ ਕਿਹੜੇ ਪਿੰਡ ਦੀ ਏ।

**ਧੰਨਾ** : ਤੈਨੂੰ ਕੁੱਛ ਨਹੀਂ ਪਤਾ ?

**ਬੀਰ** : ਮੈਂ ਡੋਰ ਉਹਨਾਂ ਤੇ ਸੁੱਟੀ ਏ.....

**ਧੰਨਾ** : *(ਕਾਹਲੀ ਨਾਲ)* ਕਿਹਨਾਂ ਤੇ ?

**ਬੀਰ** : ਭਾ ਜੀ ਤੇ ਭਾਬੀ ਤੇ। ਉਹ ਜੋ ਕਰਨਗੇ, ਉਹਦੇ 'ਚ ਮੇਰਾ ਫੈਦਾ ਈ ਹੋਏਗਾ। ਤੂੰ ਤੇ ਬੇਬੇ ਤਿਆਰ ਹੋ ਕੇ ਆ ਜਾਓ ਗਿਆਰਾਂ ਵਜੇ।

**ਧੰਨਾ** : ਕਿੱਥੇ ?

ਬੀਰ : ਦਿਆਲ ਭਾ ਜੀ ਦੇ ਘਰ। ਦੋਵੇਂ ਕਾਰਾਂ ਉਥੇ ਖੜ੍ਹੀਆਂ ਹੋਣੀਆਂ ਨੇ।

ਧੰਨਾ : ਮੇਰੇ ਘਰ ਅੱਗੇ ਕਾਰਾਂ ਦੇ ਔਂਦੀਆਂ ਦੇ ਟੈਰ ਘੱਸਦੇ ਹੋਣੇ ਨੇ। ਕੰਨ ਖੋਹਲ ਕੇ ਸੁਣ ਲੈ ਮੇਰਾ ਫੈਸਲਾ—ਤੇਰੀ ਮੰਗਣੀ ਜਾਂ ਵਿਆਹ ਦੀਆਂ ਸਾਰੀਆਂ ਰਸਮਾਂ ਮੇਰੇ ਘਰ ਹੋਣਗੀਆਂ ਤਾਂ ਈ ਮੈਂ ਰਲਾਂਗਾ ਵਿਆਹ 'ਚ। ਡੋਲੀ ਵੀ ਮੇਰੇ ਘਰ ਔਣੀ ਚਾਹੀਦੀ ਏ.....

ਜੀਤੋ : ਪਾਣੀ ਵਾਰ ਕੇ ਮੈਂ ਈ ਪੀਵਾਂਗੀ ਤੇ ਪੀਵਾਂਗੀ ਇਸੇ ਘਰ 'ਚ।

ਬੀਰ : ਤੁਹਾਨੂੰ ਮੇਰੇ ਵਿਆਹ ਦਾ ਕੋਈ ਸ਼ੌਂਕ ਨਹੀਂ ਜਾਪਦੈ।

ਧੰਨਾ : ਪਿਉ ਨੂੰ ਪੁੱਤਰ ਦੇ ਵਿਆਹ ਦਾ ਸ਼ੌਕ ਨਹੀਂ ਹੋਏਗਾ ਤਾਂ ਹੋਰ ਅਮਰੂ ਲੰਡੂ ਦੇ ਮੁੰਡੇ ਦੇ ਵਿਆਹ ਦਾ ਹੋਏਗਾ।

ਬੀਰ : ਤਾਂਹਿਓਂ ਸ਼ਰਤਾਂ ਰੱਖ ਦਿੱਤੀਆਂ ਨੇ ਵਾਰੋ ਵਾਰੀ।

ਧੰਨਾ : ਹਰ ਗੱਲ ਅਪਣੇ ਤਰੀਕੇ ਨਾਲ ਈ ਸ਼ੋਭਦੀ ਏ.....

*(ਸਿੰਦਰ ਤੇਜ਼ ਤੇਜ਼ ਕਦਮੀ ਚਲਦੀ ਹੋਈ ਆਉਂਦੀ ਹੈ)*

ਸਿੰਦਰ : ਕਾਕਾ ਤੂੰ ਐਥੇ ਬੈਠੈਂ। ਉਧਰ ਰੋਟੀ ਠੰਡੀ ਹੁੰਦੀ ਪਈ ਏ।

ਬੀਰ : *(ਉੱਠਦਾ ਹੋਇਆ)* ਮੈਂ ਔਣ ਈ ਵਾਲਾ ਸੀ।

ਧੰਨਾ : *(ਗੁੱਸੇ ਵਿੱਚ)* ਤੋਰ ਲੈ ਲੇਲੇ ਨੂੰ ਮਗਰ ਬੰਨ ਕੇ।

ਸਿੰਦਰ : ਆਹ ਸੁਣ ਲੈ ਬੁੱਢੇ ਦੇ ਸ਼ਲੋਕ।

ਧੰਨਾ : ਸਾਰੇ ਫਸਾਦ ਦੀ ਜੜ੍ਹ ਤੂੰ ਏਂ ਸਿੰਦਰ ਕੌਰੇ।

ਸਿੰਦਰ : ਫਸਾਦ ਦੀ ਜੜ੍ਹ ਤਾਂ ਤੂੰ ਏਂ ਬੁੱਢਿਆ ਖੁੰਡਾ। ਤੂੰ ਤਾਂ ਸਾਨੂੰ ਜੀਣ ਵੀ ਨਹੀਂ ਦੇਂਦਾ। ਤੂੰ ਸਾਨੂੰ ਅੰਮ੍ਰਿਤ ਵੇਲੇ ਹੀ ਬਦ ਦਵਾਵਾਂ ਦੇਣੀਆਂ ਸ਼ੁਰੂ ਕਰ ਦੇਂਦਾ ਸੀ ਇਹਨਾਂ ਦੇ ਘਰ ਪੁੱਤਰ ਨਾ ਹੋਏ, ਤੇ ਹੋਇਆ ਵੀ ਨਹੀਂ। ਹੁਣ ਤਾਂ ਤੇਰੇ ਕਾਲਜੇ ਠੰਡ ਪੈ ਗਈ ਨਾ?

ਧੰਨਾ : ਕਿਉਂ ਝੂਠ ਬੋਲ ਰਹੀ ਏਂ, ਰੱਬ ਦਾ ਖੌਫ ਖਾ।

ਸਿੰਦਰ : ਤੈਨੂੰ ਨਹੀਂ ਰੱਬ ਦਾ ਖੌਫ। ਤੇਰੀ ਨੀਅਤ ਸਦਾ ਖੋਟੀ ਰਹੀ। ਤੂੰ ਤਾਂ ਨੂੰਹਾਂ ਤੇ ਵੀ ਹੱਥ ਚੁੱਕ ਲੈਂਦੈ, ਜੋ ਮੂੰਹ 'ਚ ਆਵੇਂ ਬਕੀ ਜਾਨੈਂ।

*(ਦਿਆਲ ਆਉਂਦਾ ਹੈ, ਇੰਜ ਲੱਗਦਾ ਹੈ ਉਸਨੂੰ ਧੰਨੇ ਅਤੇ ਸਿੰਦਰ ਕੌਰ ਵਿਚਕਾਰ ਹੋਈ ਗਲਬਾਤ ਦਾ ਪਤਾ ਲੱਗ ਗਿਆ ਹੋਵੇ, ਦਿਆਲ ਗੁੱਸੇ ਵਿੱਚ ਲਾਲ ਪੀਲਾ ਹੋਇਆ ਵਿਖਾਈ ਦਿੰਦਾ ਹੈ)*

ਧੰਨਾ : ਸਾਰੀ ਦੁਨੀਆਂ ਮੇਰੀ ਸਿਫਤ ਕਰਦੀ ਏ, ਮੈਂ ਜੋ ਵੀ ਬੋਲਦਾਂ ਨਾਪ ਤੋਲ ਕੇ ਬੋਲਦਾਂ। ਲੋਕਾਂ ਤੋਂ ਪੁੱਛ ਕੇ ਤਾਂ ਵੇਖੋ, ਪੂਰਾ ਇਲਾਕਾ ਮੇਰੀ ਕਦਰ ਕਰਦੈ।



ਦਿਆਲ : ਬੁੱਢਿਆ! ਤੂੰ ਕੁੱਝ ਬਹੁਤਾ ਈ ਸਿਰ ਤੇ ਚੜ੍ਹੀ ਜਾਣੈਂ।

ਧੰਨਾ : ਖਬਰਦਾਰ! ਜੇ ਮੈਨੂੰ ਬੁੱਢਾ ਬੋਲਿਆ।

ਦਿਆਲ : ਹੋਰ ਤੈਨੂੰ ਮੁੱਛ ਫੁੱਟ ਗਭਰੂ ਆਖਾਂ ਬੁੱਢਿਆ।

ਧੰਨਾ : ਕੁੱਤਿਆ, ਜਬਾਨ ਨੂੰ ਲਗਾਮ ਦੇ।

ਦਿਆਲ : ਤੂੰ ਸ਼ੁਰੂ ਤੋਂ ਈ ਸਾਡੇ ਨਾਲ ਵੈਰ ਕਮੌਂਦਾ ਰਿਹੈਂ.....

ਧੰਨਾ : *(ਖੁਧਕ ਹੋਏ ਗਲੇ ਨਾਲ)* ਤੇਰੇ ਜਿੱਡਾ ਵੱਡਾ ਡਾਕੂ ਨਹੀਂ ਮੈਂ ਵੇਖਿਆ ਜ਼ਿੰਦਗੀ ਦੇ ਅੱਸੀ ਸਾਲਾਂ 'ਚ।

ਦਿਆਲ : *(ਅਗਾਂਹ ਵਧਦਾ ਹੋਇਆ)* ਮੁਕਾਵਾਂ ਤੇਰੇ ਆਲਾ ਫਾਹ।

ਧੰਨਾ : *(ਵਰਾਂਡੇ 'ਚ ਪਈ ਗੰਡਾਸੀ ਚੁੱਕ ਕੇ)* ਆਹ ਅਗਾਂਹ, ਚਖਾਵਾਂ ਮਜਾ ਤੈਨੂੰ ਵੱਡੇ ਸੂਰਮੇ ਨੂੰ।

ਸਿੰਦਰ : *(ਦਿਆਲ ਨੂੰ)* ਛੱਡੋ ਪਰੇ ਦਫਾ ਕਰੋ ਬੁੱਢੇ ਨੂੰ। ਇਹ ਤਾਂ ਸਿਰੇ ਲੱਗਾ ਫਿਰਦੈ। ਇਹਨੂੰ ਕੋਈ ਪੁੱਛੇ ਕੀ ਇਜਤ ਰਹਿ ਗਈ ਇਹਦੀ ਪਿੰਡ 'ਚ?

ਧੰਨਾ : ਤੂੰ ਮਰ ਨਹੀਂ ਜਾਂਦੀ ਡੁੱਬ ਕੇ ਵੱਡੀ ਇਜਤ ਵਾਲੀ। ਤੇਰੀ ਇੱਕ ਭੈਣ ਨੇ ਅਦਾਲਤੇ ਆਪੇ ਵਿਆਹ ਕਰ ਲਿਐ ਤੇ ਦੂਜੀ ਵਿਆਹੀ ਵਰੀ ਅਪਣੇ ਜੀਂਦੇ ਜਾਗਦੇ ਖਸਮ ਨੂੰ ਲੱਤ ਮਾਰ ਕੇ ਭਾਂਡੇ ਕਲੀ ਕਰਨ ਵਾਲੇ ਨਾਲ ਦੌੜ ਗਈ। ਇੱਕ ਤੂੰ ਰਹਿ ਗਈ ਸੀ ਸੌਗਾਤ ਜਿਹਨੇ ਸਾਡੇ ਜੜ੍ਹੀਂ ਤੇਲ ਦੇ ਦਿੱਤੈ।

*(ਸਿੰਦਰ ਕੌਰ, ਧੰਨਾ ਸਿੰਘ ਵੱਲੋਂ ਸੁਣਾਈਆਂ ਖਰੀਆਂ ਖਰੀਆਂ ਦਾ ਜਵਾਬ ਨਹੀਂ ਦੇ ਸਕਦੀ। ਉਹ ਝੂਠ ਹੀ ਆਪਣਾ ਸਿਰ ਫੜ ਲੈਂਦੀ ਹੈ ਅਤੇ ਜਮੀਨ ਤੇ ਡਿੱਗ ਪੈਂਦੀ ਹੈ। ਜਿਵੇਂ ਬੇਹੋਸ਼ ਹੋ ਗਈ ਹੋਵੇ)*

ਦਿਆਲ : *(ਧੰਨਾ ਸਿੰਘ ਨੂੰ)* ਓ ਕੰਜਰਾ, ਤੂੰ ਮੇਰੀ ਜਨਾਨੀ ਮਾਰ ਤੀ। ਮੇਰਾ ਘਰ ਉਜਾੜ ਦਿੱਤੈ ਤੂੰ.....

ਬੀਰ : ਭਾਬੀ ਨਰਵਸ ਹੋ ਕੇ ਡਿੱਗ ਪਈ ਏ। ਇਹਨੂੰ ਚੱਕੀਏ ਐਥੋਂ ਤੇ ਕਾਰ 'ਚ ਲੈ ਚਲੀਏ ਡਾਕਟਰ ਕੋਲ।

*(ਦਿਆਲ ਅਤੇ ਬੀਰ, ਸਿੰਦਰ ਨੂੰ ਚੁੱਕ ਕੇ ਲੈ ਜਾਂਦੇ ਹਨ)*

ਜੀਤੋ : *(ਘਬਰਾਹਟ ਵਿੱਚ)* ਕਿਤੇ ਹੋਰ ਈ ਨਾ ਕੁੱਛ ਹੋ ਜਾਏ?

ਧੰਨਾ : ਨਹੀਂ ਮਰਦੀ ਆਹ। ਲਿਖਾ ਲੈ ਮੇਰੇ ਤੋਂ ਕੋਰੇ ਕਾਗਜ ਤੇ। ਇਹ ਤਾਂ ਸਾਨੂੰ ਸਾਰਿਆਂ ਨੂੰ ਮਾਰ ਕੇ ਮਰੇਗੀ।

*(ਧੰਨਾ ਸਿੰਘ ਫਿਰ ਬਿਸਤਰੇ ਤੇ ਲੇਟ ਜਾਂਦਾ ਹੈ ਅਤੇ ਨਾਲ ਈ ਹਨੇਰਾ ਹੋ ਜਾਂਦਾ ਹੈ)*

## ਦ੍ਰਿਸ਼ ਅੱਠਵਾਂ

ਸਥਾਨ : ਧੰਨੇ ਦੇ ਘਰ ਦਾ ਵਿਹੜਾ। ਵਿਹੜੇ ਵਿੱਚ ਦੋ ਮੰਜੀਆਂ ਡਾਹੀਆਂ ਹੋਈਆਂ ਹਨ। ਇੱਕ ਮੰਜੀ ਉਪਰ ਧੰਨਾ ਸਿਰਹਾਣੇ ਦਾ ਆਸਰਾ ਲਈ ਬੈਠਾ ਹੈ। ਦੂਸਰੀ ਮੰਜੀ ਉਪਰ ਅਤਰੂ ਬੈਠਾ ਹੈ। ਸਮਾਂ ਸ਼ਾਮ ਦਾ ਹੈ।

ਅਤਰੂ : ਵਿਆਹ ਦੀਆਂ ਤਿਆਰੀਆਂ ਬੜੇ ਢੋਲ ਢਮੱਕੇ ਨਾਲ ਚਲਦੀਆਂ ਪਈਆਂ ਨੇ ਦਿਆਲ ਦੇ ਘਰ।

ਧੰਨਾ : *(ਡੂੰਘੀ ਉਦਾਸੀ ਵਿੱਚ)* ਹੂੰ.......

ਅਤਰੂ : ਘਰ ਐਂ ਸਜਾ ਦਿੱਤੈ ਜਿਵੇਂ ਛੱਬੀ ਜਨਵਰੀ ਮਨੌਣੀ ਹੋਵੇ ਲੋਕਾਂ ਨੇ।

ਧੰਨਾ : ਹੂੰਅ......

ਅਤਰੂ : ਬੜੇ ਮਹਿੰਗੇ ਕਾਰਡ ਛਪਾਏ ਨੇ ਦਿਆਲ ਨੇ। ਤੇਰਾ ਤਾਂ ਉਹਨਾਂ ਨਾਂ ਵੀ ਨਹੀਂ ਲਿਖਾਇਆ ਕਾਰਡ ਤੇ।

ਧੰਨਾ : ਮੈਨੂੰ ਐਹੋ ਆਸ ਸੀ.......

ਅਤਰੂ : ਮੈਂ ਸੁਣਿਐਂ ਬਰਾਤ ਪੰਦਰਾਂ ਕਾਰਾਂ ਤੇ ਜਾਏਗੀ ਚੜ੍ਹ ਕੇ। ਇੱਕ ਕਾਰ ਜਿਹਦੇ ਤੇ ਲਾੜੇ ਨੇ ਚੜ੍ਹਣੈਂ ਉਹਨੂੰ ਫੁੱਲਾਂ ਨਾਲ ਸਜਾ ਕੇ ਤੋਰਨੀ ਏ।

ਧੰਨਾ : ਹੂੰਅ.....

ਅਤਰੂ : ਕਲ੍ਹ ਸਵੇਰੇ ਮੁੰਡੇ ਨੇ ਘੋੜੀ ਚੜ੍ਹਣੈਂ। ਉਹਨਾਂ ਨੇ ਵੀਹ ਪਿੰਡ ਫਿਰੇ ਤਾਂ ਜਾ ਕੇ ਘੋੜੀ ਪਸਿੰਦ ਆਈ।

ਧੰਨਾ : ਐਸ ਵਕਤ ਉਹ ਉੱਚੀਆਂ ਹਵਾਵਾਂ 'ਚ ਨੇ।

ਅਤਰੂ : ਕਹਿੰਦੇ ਨੇ ਉਹਨਾਂ ਨੇ ਘਰ ਦਸ ਪੇਟੀਆਂ ਵਿਸਕੀ ਰੱਖ ਲਈ ਏ। ਪੂਰੇ ਬਜਾਰ ਦਾ ਸਮਾਨ ਖਰੀਦ ਲਿਐ ਉਹਨਾਂ। ਫਰੂਟ ਦੇ ਟੋਕਰੇ ਖਰੀਦ ਕੇ ਸਾਰੀ ਮੰਡੀ ਖਾਲੀ ਕਰ ਦਿੱਤੀ ਏ।

ਧੰਨਾ : ਅੱਜ ਵਕਤ ਉਹਨਾਂ ਦੀ ਮੁੱਠੀ 'ਚ ਏ ਅਤਰੂ।

ਅਤਰੂ : ਜਿਹੜਾ ਰਿਸ਼ਤੇਦਾਰ ਔਂਦੈ, ਪਹਿਲਾਂ ਉਹਨੂੰ ਜੂਸ ਪਿਔਂਦੇ ਨੇ, ਫੇਰ ਕੌਫੀ, ਮਿਠਾਈ ਤੇ ਪਕੌੜੇ। ਪੀਣ ਵਾਲਿਆਂ ਨੂੰ ਖੁੱਲੇ ਗੱਫੇ।



ਅਪਣੇ ਪਿੰਡ ਦੇ ਗੁਰਦਵਾਰੇ ਦਾ ਭਾਈ ਅੰਨੇ ਗਲਾਸ 'ਚ ਪਾ ਕੇ ਅੱਧੀ ਬੋਤਲ ਸ਼ਰਾਬ ਖਿੱਚ ਗਿਐ।

ਧੰਨਾ : ਰੱਬ ਈ ਬਚਾਵੇ ਹੁਣ ਤਾਂ।

ਅਤਰੂ : ਇਹਨਾਂ ਤਾਂ ਰੱਬ ਵੀ ਵੱਸ 'ਚ ਕਰ ਲਿਐ ਜਾਪਦੈ, ਜੋ ਮੂੰਹੋਂ ਕੱਢਦੇ ਨੇ, ਉਹੀ ਹੋਈ ਜਾਂਦੈ। ਰੱਬ ਇਹਨਾਂ ਕੰਜਰਾਂ ਦੀ ਹਰ ਗੱਲ ਪੂਰੀ ਕਰੀ ਜਾਂਦੈ।

ਧੰਨਾ : ਰੱਬ ਨੂੰ ਵੀ ਉਲਾਂਭੇ ਮਾਰਨ ਲੱਗ ਪਿਐਂ।

ਅਤਰੂ : ਰੱਬ ਚੰਗਾ ਹੋਵੇ ਤਾਂ ਇਹਨਾਂ ਘਰ ਐਟਮ ਬੰਬ ਸੁੱਟੇ, ਸਾਹ ਨਿਕਲ ਜਾਣ ਇਹਨਾਂ ਦੇ। ਭੂਤਨੇ ਹਰਲ ਹਰਲ ਕਰਦੇ ਪਏ ਨੇ ਆਹ, ਇਹਨਾਂ ਨੂੰ ਕਹਿ ਕੇ ਵੇਖੇ ਭਲਾ, ਸਿੱਧਾ ਸਿਰ ਨੂੰ ਪੈਣਗੇ।

ਧੰਨਾ : ਆਹੋ ਰਾਜ ਈ ਭੂਤਾਂ ਹੱਥ ਆ ਗਿਐ। ਮੈਂ ਨਹੀਂ ਸੀ ਕਦੇ ਸੋਚਿਆ ਬਈ ਮੇਰੇ ਨਾਲ ਇੰਜ ਵੀ ਹੋਏਗੀ।

*(ਜੀਤੋ ਆਉਂਦੀ ਹੈ)*

ਜੀਤੋ : ਅਤਰੂ, ਉਧਰ ਦੀ ਸੁਣਾ ਕੋਈ ਗੱਲ।

ਧੰਨਾ : ਅਜੇ ਵੀ ਤੈਨੂੰ ਉਧਰ ਦਾ ਖਿਆਲ ਏ ?

ਜੀਤੋ : ਮਨ ਨੂੰ ਧਰੂਹ ਪੈਂਦੀ ਪਈ ਏ। ਮੈਨੂੰ ਨਹੀਂ ਸੀ ਆਸ ਸਾਨੂੰ ਵਿਆਹ ਤੇ ਈ ਨਾ ਸਦਣਗੇ।

ਧੰਨਾ : ਉਸ ਘਰ 'ਚ ਹੋਏ ਵਿਆਹ ਤੇ ਮੈਂ ਜਾ ਸਕਦਾਂ ਭਲਾ ?

ਜੀਤੋ : ਉਸ ਕੰਜਰੀ ਸਿੰਦਰ ਨੇ ਤਾਂ ਪਹਿਲਾਂ ਈ ਸ਼ੁਕਰ ਕੀਤਾ ਹੋਣੈ ਕਿਸੇ ਤਰ੍ਹਾਂ ਅਸੀਂ ਨਾ ਵੜੀਏ ਵਿਆਹ ਵਿੱਚ।

ਧੰਨਾ : ਮੇਰੇ ਮਨ ਤੇ ਵਾਰ ਵਾਰ ਇੱਕੋ ਗੱਲ ਔਂਦੀ ਪਈ ਏ ਲੋਕ ਕੀ ਕਹਿਣਗੇ। ਕਿੰਨੇ ਸਾਲ ਮੇਰੀ ਚੌਧਰ ਰਹੀ ਇਲਾਕੇ 'ਚ। ਹੁਣ ਲੋਕ ਮਸਾਲੇ ਲਾ ਲਾ ਗੱਲਾਂ ਕਰਨਗੇ ਧੰਨਾ ਸਿੰਘ ਸਰਪੰਚ ਦੇ ਮੁੰਡੇ ਨੇ ਆਪਣੇ ਪਿਓ ਨੂੰ ਵਿਆਹ 'ਚ ਨਹੀਂ ਵਾੜਿਆ।

ਅਤਰੂ : ਨਵਾਂ ਸਰਪੰਚ ਅਮਰੂ ਤੇ ਉਹਦੇ ਸੰਗੀ ਸਾਥੀ ਦੁਪਹਿਰਾਂ ਦੇ ਪੀਂਦੇ ਪਏ ਨੇ ਸਿੰਦਰ ਦੇ ਘਰ। ਮੇਲਾ ਲੱਗਿਆ ਪਿਐ ਉਹਦੇ ਘਰ। ਇੱਕ ਤੂੰ ਨਹੀਂ ਸਰਪੰਚਾ ਜਾਂ ਮੈਨੂੰ ਨਹੀਂ ਪੁੱਛਿਆ ਕਿਸੇ।

ਜੀਤੋ : ਸਾਨੂੰ ਤਾਂ ਉਹਨਾਂ ਢੇਮ ਵੀ ਨਹੀਂ ਮਾਰੀ।

ਅਤਰੂ : ਉਹ ਵੀ ਟੈਮ ਸੀ ਜਦ ਪਹਿਲੇ ਮੁੰਡਿਆਂ ਦੇ ਵਿਆਹ ਹੋਏ ਸੀ, ਸਾਰੀ ਲੰਬੜਦਾਰੀ ਮੈਂ ਕੀਤੀ। ਹੁਣ ਆਹ ਟੈਮ ਵੀ ਆ ਗਿਐ......

ਧੰਨਾ : ਨੂਰਾ ਤਾਂ ਨਹੀਂ ਆਇਆ ਜਲੰਧਰੋਂ ?

ਅਤਰੂ : ਉਹਨੂੰ ਨਹੀਂ ਬੁਲਾਇਆ ਇਹਨਾਂ ਨੇ। ਸਿੰਦਰ ਤਾਂ ਨੂਰੇ ਨੂੰ ਇੱਕ ਪਲ ਨਹੀਂ ਵੇਖਣਾ ਮੰਗਦੀ। ਹਕੂਮਤ ਤਾਂ ਸਾਰੀ ਸਿੰਦਰ ਦੀ ਚਲਦੀ ਪਈ ਏ।

ਧੰਨਾ : ਕਸ਼ਮੀਰਾ ਤਾਂ ਉਥੇ ਜ਼ਰੂਰ ਹੋਵੇਗਾ ?

ਅਤਰੂ : ਉਹ ਤਾਂ ਐਂ ਤੁਰਿਆ ਫਿਰਦੈ ਜਿਵੇਂ ਅਖਾੜੇ 'ਚ ਭਲਵਾਨ ਤੁਰਦੈ। ਉਹ ਤੇ ਉਹਦਾ ਸਾਰਾ ਟੱਬਰ ਗੱਜ ਵੱਜ ਕੇ ਵਿਆਹ ਖਾਂਦੇ ਪਏ ਨੇ। ਜਿਸ ਦਿਨ ਦਾ ਬੀਰ ਆਇਐ, ਕਸ਼ਮੀਰਾ ਤਾਂ ਉਥੇ ਈ ਪੀਂਦੈ, ਖਾਂਦੈ ਤੇ ਸਤਿਨਾਮ ਵਾਹਿਗੁਰੂ ਪਿਆ ਕਰਦੈ। ਮਾਸ ਤੇ ਮਾਸ ਚੜ੍ਹ ਗਿਐ ਉਹਦੇ, ਨਹੀਂ ਤਾਂ ਉਹਦੀਆਂ ਵੜੀਆਂ ਬਣ ਜਾਣੀਆਂ ਸੀ।

ਧੰਨਾ : ਕਸ਼ਮੀਰੇ ਦੀ ਅਪਣੀ ਕੋਈ ਔਕਾਤ ਤਾਂ ਹੈ ਈ ਨਹੀਂ। ਉਹਦਾ ਤਾਂ ਸਿੱਧਾ ਸਾਬ੍ਹ ਏ ਜਿਥੇ ਵੇਖਾਂ ਤਵਾ ਪਰਾਤ ਉਥੇ ਗਾਵਾਂ ਦਿਨ ਤੇ ਰਾਤ। ਖੋਤਾ ਫੱਕ ਖਾਣ ਪਿੱਛੇ ਈ ਮਰ ਚੱਲਿਐ।

ਅਤਰੂ : ਉਹ ਨਾ ਤਾਂ ਪਰਵਾਹ ਕਰਦੈ ਦਿਆਲ ਦੀ ਤੇ ਨਾ ਈ ਬੀਰ ਦੀ। ਉਹ ਚਮਚਾਗਿਰੀ ਕਰਦੈ ਸਿੰਦਰ ਕੌਰ ਦੀ।

ਜੀਤੋ : *(ਅੰਦਰ ਜਾਂਦੀ ਹੋਈ)* ਜਿਹਦਾ ਰਾਜ ਚਲਦੈ, ਚਮਚਾਗਿਰੀ ਵੀ ਤਾਂ ਉਹਦੀ ਹੋਣੀ ਹੋਈ। ਦਿਆਲ ਤੇ ਬੀਰ ਤਾਂ ਪੁਤਲੇ ਨੇ ਪੁਤਲੇ ਕਾਗਤ ਦੇ।

ਅਤਰੂ : ਮੈਂ ਗਲੀ 'ਚੋਂ ਲੰਘਿਆ ਤਾਂ ਕਸ਼ਮੀਰਾ ਮਿਲ ਪਿਆ। ਉਹਦੇ ਹੱਥ 'ਚ ਕੈਂਪੇ ਕੋਲੇ ਦੀ ਵੱਡੀ ਬੋਤਲ ਸੀ। ਮੈਨੂੰ ਮਖੌਲ ਕਰ ਕੇ ਕਹਿੰਦੈ- ਦੋ ਘੁੱਟ ਪੀ ਲੈ। ਗੁੱਸਾ ਤਾਂ ਮੈਨੂੰ ਬੜਾ ਚੜ੍ਹਿਆ ਪਰ ਮੈਂ ਗੁੱਸਾ ਪੀ ਗਿਆ।

ਧੰਨਾ : ਕਸੂਰ ਤਾਂ ਸਾਰਾ ਬੀਰ ਦਾ ਏ, ਜਿਹਦੀ ਅਕਲ ਨਹੀਂ ਕੰਮ ਕਰਦੀ। ਕੰਜਰ ਜਨਾਨੀ ਦੇ ਹੱਥਾਂ ਤੇ ਚੜ੍ਹਿਐ। ਹੋਰ ਕਿਸੇ ਨੂੰ ਕੀ ਦੋਸ਼ ਦੇਣੈਂ।

ਅਤਰੂ : ਮੈਂ ਸੁਣਿਐ ਉਹ ਦੋ ਵੱਡੇ ਬੈਗ ਭਰ ਕੇ ਲਿਆਇਆ ਸੀ ਅਮਰੀਕਾ ਤੋਂ। ਸਭ ਸਾਂਭ ਗਈ ਸਿੰਦਰ ਕੌਰ। ਪੈਸਾ ਟਕਾ ਸਮਾਨ, ਸਾਰੇ ਦੀ ਕਰਤਾ ਧਰਤਾ ਸਿੰਦਰ ਈ ਏ। ਬੀਰ ਤਾਂ ਉਹਦੇ ਕੋਲੋਂ ਮੰਗ ਮੰਗ ਪੈਸੇ ਲੈਂਦੈ ਤੇ ਫੇਰ ਸਾਰਾ ਸਾਬ੍ਹ ਵੀ ਦੇਂਦੈ।



ਧੰਨਾ : ਕੁੱਤੇ ਦੀ ਜਦੋਂ ਮੌਤ ਆਈ ਹੋਵੇ ਤਾਂ ਉਹ ਮਸੀਤੇ ਚੜ੍ਹ ਕੇ ਮੂਤਦੈ। ਬੀਰ ਨਾਲ ਐਹੋ ਭਾਣਾ ਵਰਤੇਗਾ।
*(ਸਿੰਦਰ ਕੌਰ ਦੇ ਘਰੋਂ ਵੱਜ ਰਹੇ ਢੋਲ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਕੁੱਝ ਲੋਕਾਂ ਦੇ ਬੱਲੇ ਬੱਲੇ, ਸ਼ਾਵਾ ਸ਼ਾਵਾ ਦੀਆਂ ਆਵਾਜ਼ਾਂ ਸੁਣੀਂਦੀਆਂ ਹਨ)*

ਅਤਰੂ : ਵੱਜ ਗਏ ਢੋਲ, ਪੀਤੀ ਲਾਹੁਣਗੇ ਸ਼ਰਾਬੀ ਨੱਚ ਨੱਚ ਕੇ।

ਧੰਨਾ : ਆਹ ਢੋਲ ਤਾਂ ਹੁਣ ਵੱਜ ਰਹੇ ਨੇ ਪਰ ਜਿਹੜੇ ਢੋਲ ਇਸ ਢੋਲ ਤੋਂ ਮਗਰੋਂ ਵੱਜਣਗੇ, ਉਹਦੀ ਤਾਣ ਸੁਣਨ ਵਾਲੀ ਹੋਏਗੀ।

ਅਤਰੂ : ਤਾਣ ?

ਧੰਨਾ : ਉਸ ਤਰ੍ਹਾਂ ਦਾ ਢੋਲ ਤੇਰੀਆਂ ਮੇਰੀਆਂ ਅੱਖਾਂ ਅੱਗੇ ਪਹਿਲੀ ਵਾਰ ਵੱਜੇਗਾ। ਪਹਿਲਾਂ ਰੱਬ ਅੱਗੇ ਅਰਦਾਸ ਕਰਦਾ ਸੀ—ਬੀਰ ਦੇ ਔਣ ਤੱਕ ਜੀਂਦਾ ਰੱਖੀਂ। ਹੁਣ ਜੀਣ ਦੀ ਖਾਹਸ਼ ਹੋਰ ਵੱਧ ਗਈ ਏ। ਹੁਣ ਤਾਂ ਸੱਚੇ ਪਾਤਸ਼ਾਹ ਉਹ ਦਿਨ ਵਿਖਾ ਦੇਵੇ ਜਿਦਣ ਬੀਰ ਨੂੰ ਧੱਕੇ ਮਾਰ ਕੇ ਕੱਢੇ ਸਿੰਦਰ ਕੌਰ।

ਅਤਰੂ : ਉਸ ਦਿਨ ਭੰਗੜਾ ਮੈਂ ਪਾਵਾਂਗਾ। ਲੁੱਡੀ ਪਾ ਪਾ ਧਰਤੀ ਹਿਲਾ ਦਿਆਂਗਾ। ਚੰਗਾ ਸਰਪੰਚਾ, ਮੈਂ ਗਿਆ ਤੇ ਆਇਆ।
*(ਅਤਰੂ ਜਾਂਦਾ ਹੈ, ਧੰਨਾ ਮੰਜੇ ਤੇ ਲੇਟ ਜਾਂਦਾ ਹੈ। ਕੰਧ ਤੇ ਵੇਖਦਾ ਹੈ, ਇੱਕ ਕੋਹੜ ਕਿਰਲੀ ਕੁੱਝ ਕੀੜੇ ਮਕੌੜਿਆਂ ਵੱਲ ਵੇਖ ਰਹੀ ਹੈ)*

ਧੰਨਾ : *(ਆਪਣੇ ਆਪ ਨਾਲ)* ਉਹ ਕੋਹੜ ਕਿਰਲੀ ਇਹਨਾਂ ਕੀੜਿਆਂ ਨੂੰ ਖਾ ਜਾਵੇਗੀ। ਇੱਕ ਪਾਸੇ ਜੋਰਾਵਰ ਏ ਤੇ ਦੂਜੇ ਪਾਸੇ ਵਿਚਾਰੇ ਪਤੰਗੇ। ਅਹੁ ਪੈਣ ਈ ਵਾਲੀ ਏ, ਇੱਕ ਨੂੰ ਖਾ ਗਈ, ਦੂਜੇ ਦਾ ਵੀ ਭੋਗ ਪਾ ਦੇਵੇਗੀ। ਡਾਹਢੇ ਦਾ ਰਾਜ ਕਮਜੋਰਾਂ ਤੇ। ਵੱਡੀਆਂ ਮੱਛੀਆਂ, ਮੂੰਹ ਖੁੱਲ੍ਹੇ ਤੇ ਛੋਟੀਆਂ ਮੱਛੀਆਂ ਉਹਨਾਂ ਦੇ ਮੂੰਹ ਵਿੱਚ.....(ਉੱਚੀ ਆਵਾਜ਼ ਵਿੱਚ) ਉਹ ਵੱਡੀਆਂ ਮੱਛੀਆਂ ਸਾਨੂੰ ਖਾ ਜਾਣਗੀਆਂ।
*(ਧੰਨੇ ਦੀ ਆਵਾਜ਼ ਸੁਣ ਕੇ ਜੀਤੋ ਬਾਹਰ ਆਉਂਦੀ ਹੈ)*

ਜੀਤੋ : *(ਫਿਕਰਮੰਦ ਹੁੰਦੀ ਹੋਈ)* ਕਿਹੜੀਆਂ ਵੱਡੀਆਂ ਮੱਛੀਆਂ ?

ਧੰਨਾ : ਉਹੀ ਜੋ ਢੋਲ ਵਜਾ ਰਹੀਆਂ ਨੇ।
*(ਢੋਲ ਦੀ ਆਵਾਜ਼ ਹੋਰ ਉੱਚੀ ਹੋ ਜਾਂਦੀ ਹੈ)*

ਇਹ ਵਾਜ ਮੇਰੇ ਕੰਨ ਪਾੜ੍ਹ ਦੇਵੇਗੀ। ਇਹਦੀ ਸੱਟ ਸਿੱਧੀ ਮੇਰੇ ਸਿਰ 'ਤੇ ਵੱਜਦੀ ਪਈ ਏ।

ਜੀਤੋ : ਰੱਬ ਸਾਡੀ ਵੀ ਸੁਣੇਗਾ। ਇਹਨਾਂ ਨੂੰ ਭੁਗਤਣਾ ਪਊ ਜਿਹਨਾਂ ਨੇ ਸਾਨੂੰ ਸੁੱਕਣੇ ਪਾ ਛੱਡਿਐ।

ਧੰਨਾ : ਮੈਂ ਇਹਨਾਂ ਕੋਲੋਂ ਲਵਾਂਗਾ ਬਦਲੇ ਗਿਣ ਗਿਣ ਕੇ।

ਜੀਤੋ : ਰੱਬ ਈ ਲੈ ਸਕਦੈ ਇਹਨਾਂ ਤੋਂ ਬਦਲੇ।

*(ਢੋਲੀ ਤਾਣ ਹੋਰ ਵੀ ਤੇਜ਼ ਕਰ ਦਿੰਦਾ ਹੈ ਅਤੇ ਨਾਲੋ ਨਾਲ ਸ਼ਰਾਬੀਆਂ ਦੀਆਂ ਚੀਕਾਂ ਸੁਣਾਈ ਦਿੰਦੀਆਂ ਹਨ)*

**ਕਸ਼ਮੀਰੇ ਦੀ ਆਵਾਜ਼** : ਸਾਧ ਸੰਗਤ ਜੀ, ਨਾਲੇ ਨੱਚੋ ਤੇ ਨਾਲੇ ਪਾਓ ਬੋਲੀਆਂ। ਜਿਹਨੂੰ ਕੋਈ ਬੋਲੀ ਫੁਰੇ, ਮੇਰੇ ਕੋਲੋਂ ਮੈਕ ਫੜ ਕੇ ਬੋਲੀ ਛੱਡ ਦੇਵੇ ਉੱਚੀ ਜਿਹੀ। ਪਹਿਲੀ ਬੋਲੀ ਮੈਂ ਪੌਣ ਲਗਾਂ ਵਾਂ। ਤਾਰੋ ਮੋਟੋ, ਤੂੰ ਜਰਾ ਗੌਰ ਨਾਲ ਸੁਣੀਂ।

ਮੋਟੀ ਰੰਨ ਦਾ ਕੀ ਸਲਾਹੀਏ
ਕੱਲੀ ਮੰਜਾ ਮੱਲੇ
ਡਰਦਾ ਖਸਮ ਨਾ ਨੇੜ੍ਹੇ ਆਵੇ
ਦੂਰੋਂ ਪੱਖੀ ਝੱਲੇ।

*(ਅਤਰੂ ਆਉਂਦਾ ਹੈ)*

ਅਤਰੂ : ਆਹ ਬੋਲੀ ਸੁਣੀ ਏ ਸਰਪੰਚਾ। ਕਸ਼ਮੀਰਾ ਪਤਾ ਨਹੀਂ ਕਦੋਂ ਦਾ ਬੋਲੀਆਂ ਪੌਣ ਲੱਗ ਪਿਐ। ਹੁਣ ਤਾਂ ਭੇਡਾਂ ਵੀ ਮੱਕੇ ਵੱਲ ਚੱਲੀਆਂ ਨੇ।

**ਕਸ਼ਮੀਰੇ ਦੀ ਆਵਾਜ਼** : ਲਉ ਬਈ ਤਾਰੋ ਮੋਟੋ ਬੋਲੀ ਸੁਟੱਣ ਲੱਗੀ ਏ।

**ਮੋਟੋ ਦੀ ਆਵਾਜ਼** : ਰਾਂਝਾ ਰਾਂਝਾ ਠੱਗ ਸੁਣੀਂਦਾ
ਸਾਡੇ ਨਾਲ ਠੱਗੀਆਂ ਨਾ ਕਰ ਵੇ
ਪਿਓ ਵਰਗਿਆ ਜੇਠਾ
ਮਸ਼ਕਰੀਆਂ ਨਾ ਕਰ ਵੇ।

ਆਵਾਜ਼ਾਂ : ਕਸ਼ਮੀਰੇ ਨੂੰ ਕਰ ਗਈ ਗੋਲ ਮੋਟੋ।

ਧੰਨਾ : *(ਖਿੱਝਦੇ ਹੋਏ)* ਤੁਸੀਂ ਸਾਰੇ ਗੋਲ ਹੋ ਜਾਓਗੇ ਕੰਜਰੋ।

ਅਤਰੂ : ਪਹਾੜੀ ਕਾਂ ਵਰਗੀ ਵਾਜ ਸੀ ਮੋਟੋ ਦੀ।

**ਕਸ਼ਮੀਰੇ ਦੀ ਆਵਾਜ਼** : ਹੁਣ ਵਾਰੀ ਆਈ ਏ ਸਿੰਦਰ ਕੌਰ ਦੀ, ਆਹ ਮੇਨ ਬੰਦੇ ਦੀ ਬੋਲੀ ਸੁਣੋ ਜਰਾ ਕੰਨ ਖੋਹਲ ਕੇ।



**ਸਿੰਦਰ ਦੀ ਆਵਾਜ਼**: *(ਬੀਰ ਨੂੰ ਚੋਭ ਲਾਉਂਦੀ ਹੋਈ)*
ਬਾਰੀਂ ਬਰਸੀਂ ਖਟਣ ਨੂੰ ਘੱਲਿਆ
ਖੱਟ ਕੇ ਲਿਆਂਦੇ ਪਾਵੇ।
ਬਾਬਲੇ ਨੇ ਵਰ ਟੋਲਿਆ
ਜਿਹਨੂੰ ਪੱਗ ਬੰਨਣੀ ਨਾ ਆਵੇ।

ਆਵਾਜ਼ਾਂ : ਬੀਰ ਤੇ ਸੁੱਟੀ ਏ ਚੰਗੀ। ਬੀਰ ਬਾਹਰੋਂ ਆਇਐ, ਉਹਨੂੰ ਪੱਗ ਬੰਨਣ ਦੀ ਜਾਚ ਈ ਨਹੀਂ।

ਧੰਨਾ : ਸਿੰਦਰ ਕੌਰ ਉਹਨੂੰ ਪੱਗ ਬੰਨਾਵੇਗੀ ਤੇ ਮੁੜ ਕੇ ਪੱਗ ਨੂੰ ਹੱਥ ਵੀ ਪਾਵੇਗੀ। ਜਰਾ ਆ ਲੈਣ ਦੇ ਵਕਤ।

ਅਤਰੂ : ਛਿੱਤਰ ਪੌਲਾ ਖੜਕੇਗਾ ਸਰਪੰਚਾ।

**ਸਿੰਦਰ ਕੌਰ ਦੀ ਆਵਾਜ਼** : ਨੀ ਕੁੜੀਓ, ਬੀਰ ਲਈ ਕੋਈ ਕੰਮ ਦੀ ਚੀਜ਼ ਗਾਓ।

**ਗੀਤ ਦੀਆਂ ਆਵਾਜ਼ਾਂ** : ਹਰੀ ਹਰੀ ਕਣਕ, ਉੱਤੇ ਰੰਗ ਲੋਹੜੇ ਮਾਰਦਾ।
ਦੇਖ ਲੋ ਸਹੀਓ, ਵੀਰਾ ਫੁੱਲ ਨੀ ਗੁਲਾਬ ਦਾ।

**ਕਸ਼ਮੀਰੇ ਦੀ ਆਵਾਜ਼** : ਆਹ ਕੀਤੀ ਏ ਕੰਮ ਦੀ ਗੱਲ। ਆਹ ਬੋਲੀ ਨੇ ਨੰਬਰ ਲੈ ਲਿਐ।

ਅਤਰੂ : ਕਸ਼ਮੀਰਾ ਵੀ ਨੰਬਰ ਲੋਣ ਲੱਗ ਪਿਐ।

ਧੰਨਾ : ਉਜੜੇ ਬਾਗਾਂ ਦੇ ਗਾਲੜ ਪਟਵਾਰੀ।

**ਕਸ਼ਮੀਰੇ ਦੀ ਆਵਾਜ਼** : ਕੇਹਰੂ ਛੜਾ ਵੀ ਮੁਰਕਦਾ ਪਿਆ ਏ। ਠੀਕ ਏ ਠੀਕ ਏ ਤੂੰ ਵੀ ਲਾਹ ਲੈ ਅਪਣੀ ਡਿੰਝ।

**ਛੜੇ ਦੀ ਆਵਾਜ਼** : ਪਹਿਲਾਂ ਤਾਂ ਇਥੋਂ ਕੂੰਜਾਂ ਉੱਡੀਆਂ
ਫੇਰ ਉੱਡੀ ਮੁਰਗਾਈ
ਬਹਿ ਜਾ ਮੋਮਬਤੀਏ
ਛੜਿਆਂ ਨੇ ਰੇਲ ਬਣਾਈ।

*(ਹਾਸੇ ਦੀ ਆਵਾਜ਼ ਸੁਣਦੀ ਹੈ)*

ਅਤਰੂ : ਕੇਹਰੂ ਨੇ ਛੱਡ ਦਿੱਤੈ ਧੂੜ 'ਚ।

**ਅਮਰ ਸਿੰਘ ਦੀ ਆਵਾਜ਼** : ਸਾਧ ਸੰਗਤ ਜੀ, ਸਿੰਦਰ ਕੌਰ ਦਾ ਪ੍ਰੋਗਰਾਮ ਨੰਬਰ ਇੱਕ ਏ। ਅਸੀਂ ਬੜੇ ਧੰਨਵਾਦੀ ਆਂ ਇਹਦੇ ਤੇ ਦਿਆਲ ਸਿੰਘ ਦੇ, ਬਈ ਇਹਨਾਂ ਪੂਰੀ ਪੰਚੈਤ ਨੂੰ ਘਰ ਬੁਲਾ ਕੇ ਵਿਸਕੀ ਵੱਲੋਂ ਤਾਂ ਧੰਨ ਧੰਨ ਕਰਾ ਤੀ।

ਅਤਰੂ : ਦੁਰ ਫਿੱਟੇ ਮੂੰਹ ਤੇਰੀ ਸਰਪੰਚੀ ਦੇ, ਲੰਡੂ ਨੂੰ ਬੋਲਣਾ ਵੀ ਨਹੀਂ ਔਂਦਾ।

ਸੂਬੇਦਾਰ ਦੀ ਆਵਾਜ਼ : ਥੈਂਕਸ ਹੈ ਦਿਆਲ ਸਿੰਘ ਓਰ ਉਸ ਕੀ ਵਾਈਫ ਦਾ ਜਿਸ ਨੇ ਹਾਈ ਲੈਵਲ ਕਾ ਪ੍ਰੋਗਰਾਮ ਕੀਤਾ। ਖਾਣਾ ਪੀਣਾ ਏਕ ਦਮ ਅੱਛਾ ਹੈ, ਮੀਟ ਕਾ ਟੇਸਟ ਨੰਬਰ ਵਨ, ਮੀਟ ਮੇਂ ਮਸਾਲਾ ਠੀਕ ਡਾਲਾ ਹੈ, ਔਰ ਮੈਂ ਕਿਸੀ ਕਾਮ ਕੇ ਲੀਏ ਅਪਣੇ ਘਰ ਜਾ ਰਿਹਾਂ।

ਅਤਰੂ : ਸਰਪੰਚਾ, ਆਪਾਂ ਵੀ ਖੁਸ਼ੀ ਮਨਾ ਲਈਏ ਐਥੇ ਈ। *(ਕੁੜਤੇ ਦੀ ਜੇਬ ਵਿੱਚੋਂ ਅਧੀਆ ਕੱਢਦਾ ਹੈ)* ਘਬਰਾ ਨਾ, ਤੈਨੂੰ ਇਹਨਾਂ ਇੱਕ ਪਾਸੇ ਕਰਤਾ ਨਾ, ਆਹ ਜਿਹੜੇ ਜਿੱਤ ਦੇ ਢੋਲ ਵਜੌਂਦੇ ਪਏ ਨੇ, ਇਹਨਾਂ ਦੇ ਉਲਟੇ ਗੇੜੇ ਚਲਣ ਈ ਵਾਲੇ ਨੇ ਤੇ ਫਿਰ ਲੋਕਾਂ ਇਹੀ ਕਹਿਣੈਂ

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

*(ਦੋਵੇਂ ਪੀਣ ਲੱਗਦੇ ਹਨ, ਦੂਰੋਂ ਆਵਾਜ਼ ਆਉਂਦੀ ਹੈ)*

ਪੁੱਤਾਂ ਬਿਨਾਂ ਜੱਗ ਸੁੰਨਾ ਲੱਗਦਾ
ਭਰਿਆ ਮੇਲਾ ਵੀ ਨਹੀਉਂ ਜੱਚਦਾ।

*(ਹਨੇਰਾ ਹੋ ਜਾਂਦਾ ਹੈ)*



## *ਆਖਰੀ ਦ੍ਰਿਸ਼*

ਸਥਾਨ : ਸਿੰਦਰ ਕੌਰ ਦਾ ਘਰ। ਵਕਤ ਸ਼ਾਮ ਦਾ।
*(ਵਿਹੜੇ ਵਿੱਚ ਬੀਰ ਦੀ ਵਹੁਟੀ ਬੰਟੀ ਬੈਠੀ ਹੈ ਜੋ ਆਸ ਪਾਸ ਤੋਂ ਬੇਖਬਰ ਆਪਣੀ ਹੀ ਦੁਨੀਆਂ ਵਿੱਚ ਗੁਆਚੀ ਹੈ)*

ਬੰਟੀ : *(ਆਪਣੇ ਆਪ ਨਾਲ)* ਕਿਹੜੇ ਜਨਮ ਦੀ ਸਜ਼ਾ ਮਿਲ ਰਹੀ ਏ ਮੈਨੂੰ ? ਇਹ ਲਾਈਫ ਕਾਹਦੀ ਲਾਈਫ ਏ। ਤਿੰਨ ਸਾਲ ਹੋ ਗਏ ਉਡੀਕਦੀ ਨੂੰ, ਦਿਨ ਚੜ੍ਹਦੇ, ਸ਼ਾਮਾਂ ਪੈ ਜਾਂਦੀਆਂ ਨੇ ਤੇ ਫਿਰ ਰਾਤ ਪੈ ਜਾਂਦੀ ਏ। ਗਰਮੀ ਹੋਏ, ਸਰਦੀ ਹੋਏ, ਬਹਾਰ ਹੋਏ, ਮੇਰੇ ਵਾਸਤੇ ਤਾਂ ਸਭ ਪਤਝੜ ਈ ਪਤਝੜ ਏ। ਵੈਰੀਆ! ਆਪ ਤੂੰ ਬੈਠੈਂ ਪਰਦੇਸਾਂ ਵਿੱਚ ਤੇ ਮੈਨੂੰ ਪਾ ਗਿਐਂ ਤਪੱਸਿਆ 'ਚ। ਮੈਂ ਤੇਰੇ ਲਈ ਤਾਂ ਤਪੱਸਿਆ ਕਰ ਵੀ ਸਕਦੀ ਆਂ ਪਰ.....ਇਸ ਕਮੀਨੀ ਸਿੰਦਰ ਲਈ.....ਮੈਨੂੰ ਨੌਕਰਾਣੀ ਬਣਾ ਛੱਡਿਐ। ਬੰਤੀ ਹਟਾ ਤੀ, ਕਪੜੇ ਧੋਵਾਂ ਤਾਂ ਮੈਂ, ਇਹਨਾਂ ਦੇ ਭਾਂਡਿਆਂ ਦੀ ਜੂਠ ਧੋਵਾਂ ਤਾਂ ਮੈਂ, ਸਫਾਈਆਂ ਕਰਾਂ ਤਾਂ ਮੈਂ। ਇਹਦੇ ਪੇਕਿਆਂ ਤੋਂ ਹੇੜ੍ਹ ਆਈ ਰਹਿੰਦੀ ਏ, ਮੈਂ ਕੀਹਦੇ ਕੀਹਦੇ ਲਈ ਚਪੜਾਸ ਪੁਣਾ ਕਰਾਂ।
*(ਸਿੰਦਰ ਕੌਰ ਆਉਂਦੀ ਹੈ, ਉਸ ਦੇ ਚਿਹਰੇ ਤੇ ਪੂਰਾ ਰੋਅਬ ਹੈ, ਉਹ ਬੜੀ ਘ੍ਰਿਣਾ ਨਾਲ ਬੰਟੀ ਵੱਲ ਵੇਖਦੀ ਹੈ)*

ਸਿੰਦਰ : ਨੀਂ ਬਹਿ ਗਈ ਏਂ ?

ਬੰਟੀ : ਕੀ ਕਰਾਂ ?

ਸਿੰਦਰ : ਬੂਹੇ ਬਾਰੀਆਂ ਝਾੜ ਝੰਬ ਲੈਣੀਆਂ ਸੀ।

ਬੰਟੀ : ਮੈਂ ਤਾਂ ਆਪ ਝੰਬੀ ਗਈ ਆਂ।

ਸਿੰਦਰ : ਕੀ ਮਤਲਬ ? ਤੂੰ ਪਿਛਲੇ ਦਸ ਬਾਰਾਂ ਦਿਨਾਂ ਤੋਂ ਕੁਛ ਜਾਦਾ ਈ ਆਫਰੀ ਫਿਰਦੀ ਏਂ।

ਬੰਟੀ : ਹਾਂ ਹਾਂ, ਮੈਂ ਬੜੀ ਤੰਗ ਆਂ ਐਥੇ।

ਸਿੰਦਰ : ਖਾਂਦੀ ਪੀਂਦੀ ਛੜਾਂ ਮਾਰਦੀ ਏਂ ?

ਬੰਟੀ : ਮੈਂ ਤਾਂ ਤੰਗ ਆ ਗਈ ਤੁਹਾਡਾ ਨੌਕਰਪੁਣਾ ਕਰ ਕਰ ਕੇ।

ਸਿੰਦਰ : ਬੀਰ ਨੇ ਤੁਰਦੇ ਸਮੇਂ ਤੈਨੂੰ ਕੀ ਕਿਹਾ ਸੀ ?

ਬੰਟੀ : ਕੀ ਕਿਹਾ ਸੀ ?

ਸਿੰਦਰ : ਆਹ ਵੀ ਤੈਨੂੰ ਮੈਂ ਈ ਯਾਦ ਕਰਾਵਾਂ ? ਤੈਨੂੰ ਭੁੱਲ ਗਿਆ ਜਦ ਬੀਰ ਨੇ ਕਿਹਾ ਸੀ—ਇਹਨੂੰ ਜਠਾਣੀ ਨਾ ਸਮਝੀਂ, ਅਪਣੀ ਸੱਸ ਸਮਝੀਂ।

ਬੰਟੀ : ਜਠਾਣੀ ਸੱਸ ਕਿਵੇਂ ਹੋ ਸਕਦੀ ਏ। ਮੈਨੂੰ ਸਭ ਪਤੈ ਜਿਹੜੇ ਤੁਸੀਂ ਮਾਂ ਪੁੱਤਰ ਬਣੇ ਹੋ। ਮੈਂ ਅਪਣੀ ਅੱਖੀਂ ਵੇਖਿਐ.....

ਸਿੰਦਰ : *(ਭੜਕਦੀ ਹੋਈ)* ਕੁੱਤੀ ਕਮੀਨੀ, ਤੇਰੀ ਆਹ ਹਿੰਮਤ ? ਤੂੰ ਜਬਾਨ ਖੋਹਲ ਲਈ ਮੇਰੇ ਅੱਗੇ, ਜਬਾਨ ਖਿੱਚ ਲਵਾਂਗੀ ਮੈਂ। *(ਬਾਂਹ ਤੋਂ ਫੜ ਕੇ ਖਿੱਚਦੀ ਹੋਈ)* ਚੱਲ ਬਾਰੀਆਂ ਝਾੜ।

*(ਦਿਆਲ ਆਉਂਦਾ ਹੈ)*

ਆਹ ਸੁਣਿਐ ? ਕੀ ਬਕੜਵਾਹ ਕਰਦੀ ਪਈ ਏ।

ਦਿਆਲ : ਕੀ ਕਰਦੀ ਏ ?

ਸਿੰਦਰ : ਇਹਨੂੰ ਈ ਪੁੱਛ।

ਦਿਆਲ : *(ਬੰਟੀ ਨੂੰ)* ਕੀ ਗੱਲ ਏ ਤੈਨੂੰ ?

ਬੰਟੀ : ਭਾ ਜੀ, ਸਾਡਾ ਇਸ ਘਰ 'ਚ ਬਰਾਬਰ ਹੱਕ ਨਹੀਂ ?

ਸਿੰਦਰ : ਸਾਰੀ ਉਮਰ ਸਾਡੀ ਸੇਵਾ ਕਰੋਗੇ ਤਾਂ ਸਭ ਕੁੱਝ ਦੇ ਦਿਆਂਗੇ। ਕੁੜੀਆਂ ਦੇ ਵਿਆਹ ਵੀ ਹੋਣਗੇ, ਜਵਾਈ ਔਣਗੇ, ਸਾਰਿਆਂ ਦੀ ਸੇਵਾ ਕਰਨੀ ਪਵੇਗੀ ਜਿੰਦਗੀ ਭਰ।

ਬੰਟੀ : *(ਪਰੇਸ਼ਾਨੀ ਦੀ ਹਾਲਤ ਵਿੱਚ ਬੇਕਾਬੂ ਹੁੰਦੀ ਹੋਈ)* ਮੈਂ ਸਾਰੀ ਉਮਰ ਦੀ ਗੁਲਾਮੀ ਨਹੀਂ ਕਰ ਸਕਦੀ। ਇਸ ਘਰ 'ਚ ਮੇਰਾ ਸਾਹ ਘੁੱਟ ਰਿਹੈ।

ਦਿਆਲ : *(ਰੋਅਬ ਭਰੀ ਆਵਾਜ਼ ਵਿੱਚ)* ਚੁੱਪ ਕਰ ਕੇ ਬਹਿ ਜਾ। ਤੂੰ ਐਸ ਘਰ 'ਚੋਂ ਬਾਹਰ ਇੱਕ ਕਦਮ ਵੀ ਨਹੀਂ ਪੁੱਟ ਸਕਦੀ। ਤੇਰੀ ਅਰਥੀ ਹੀ ਨਿਕਲੇਗੀ ਐਸ ਘਰੋਂ।

*(ਬੰਟੀ ਰੋਣ ਲੱਗ ਪੈਂਦੀ ਹੈ)*

ਸਿੰਦਰ : ਬੀਰ ਨੂੰ ਕਰਨੀ ਆਂ ਫ਼ੂਨ। ਸੁਧਰ ਜਾ, ਨਹੀਂ ਤਾਂ ਜਿੰਦਗੀ ਭਰ ਟੱਕਰਾਂ ਮਾਰਦੀ ਫਿਰੇਂਗੀ।

*(ਬੀਰ ਆਉਂਦਾ ਹੈ, ਸਭ ਹੈਰਾਨ ਹੋ ਜਾਂਦੇ ਹਨ। ਉਸ ਦੇ ਕੋਲ ਕੋਈ ਬੈਗ ਨਹੀਂ ਹੈ, ਉਸ ਦਾ ਚਿਹਰਾ ਮੁਰਝਾਇਆ ਹੋਇਆ ਹੈ)*

ਬੰਟੀ : *(ਖੁਸ਼ੀ ਵਿੱਚ)* ਤੁਸੀਂ ਆ ਗਏ......

ਸਿੰਦਰ : ਆਹ ਮੈਂ ਕੀ ਵੇਖਦੀ ਪਈ ਆਂ *(ਅੱਖਾਂ ਝਪਕਦੀ ਹੋਈ)* ਤੂੰ ਬੀਰ, ਅਚਾਣਕ ਕਿਵੇਂ ਆ ਗਿਐਂ ? ਨਾ ਕੋਈ ਫ਼ੂਨ, ਨਾ ਕੋਈ ਪੱਤਰ।



ਬੀਰ : ਹਾਂ, ਚਾਣਚੱਕ ਈ ਔਣਾ ਪੈ ਗਿਐ।

ਸਿੰਦਰ : ਸੁੱਖ ਤਾਂ ਹੈ ਨਾ ?

ਬੰਟੀ : *(ਪਾਣੀ ਦਾ ਭਰਿਆ ਗਲਾਸ ਬੀਰ ਵੱਲ ਕਰਦੀ ਹੋਈ)* ਲਉ ਪਾਣੀ ਪੀ ਲਉ। ਤੁਹਾਡੇ ਤਾਂ ਕੱਪੜੇ ਕਿੰਨੇ ਮੈਲੇ ਹੋਏ ਪਏ ਨੇ।

ਸਿੰਦਰ : ਸਮਾਨ ਕਿਥੇ ਵੇ ?

ਬੀਰ : ਸਮਾਨ ਤਾਂ ਕੋਈ ਨਹੀਂ।

ਬੰਟੀ : ਸ਼ੁਕਰ ਏ ਤੁਸੀਂ ਆ ਗਏ, ਸਾਨੂੰ ਸਮਾਨ ਦੀ ਕੋਈ ਲੋੜ ਨਹੀਂ।

ਸਿੰਦਰ : ਤੂੰ ਵਿੱਚੋਂ ਚਪੜ ਚਪੜ ਕਰਨ ਲੱਗ ਪਈ ਏਂ। ਮੈਨੂੰ ਪੁੱਛਣ ਦੇ ਸਾਰੀ ਗੱਲ।

ਦਿਆਲ : ਅੱਗੇ ਤਾਂ ਕਾਰ 'ਚ ਔਂਦਾ ਸੀ। ਅੱਜ ਕਾਹਦੇ ਤੇ ਆਇਐਂ ?

ਬੀਰ : ਜਲੰਧਰੋਂ ਬੱਸ ਵਿੱਚ ਤੇ ਪਿੰਡ ਦੇ ਅੱਡੇ ਤੋਂ ਪੈਦਲ ਈ ਘਰ ਤੱਕ।

ਸਿੰਦਰ : ਤੇਰੇ ਕੇਸ ਦਾ ਕੀ ਬਣਿਐ ? ਕਿਧਰੇ ਤੈਨੂੰ ਸਰਕਾਰ ਨੇ....

ਬੀਰ : ਡਿਪੋਰਟ ਕਰ ਦਿੱਤੈ।

ਸਿੰਦਰ : ਹਾਏ ਮੈਂ ਮਰ ਗਈ। ਹੁਣ ਕੀ ਹੋਵੇਗਾ ?

ਬੀਰ : ਹੁਣ ਰਵਾਂਗਾ ਇੰਡੀਆ ਵਿੱਚ ਈ।

ਸਿੰਦਰ : ਤਾਂ ਹੁਣ ਬਾਹਰ ਨਹੀਂ..... ?

ਬੀਰ : ਬਥੇਰੇ ਧੱਕੇ ਖਾ ਖਾ ਵੇਖ ਲਏ ਬਾਹਰ।

ਸਿੰਦਰ : ਜਿਹੜੇ ਤਿੰਨ ਸਾਲ ਹੁਣ ਲਾ ਕੇ ਆਇਐਂ, ਬਾਹਰ ਕੰਮ ਨਹੀਂ ਕਰਦਾ ਰਿਹਾ ?

ਬੀਰ : ਹੋਰ ਕੀ ਕਰਦਾ ਰਿਹਾਂ।

ਸਿੰਦਰ : ਪੈਸਾ ਤਾਂ ਤੂੰ ਇੱਕ ਨਹੀਂ ਭੇਜਿਆ ?

ਬੀਰ : ਵਕੀਲ ਦਾ ਢਿੱਡ ਈ ਭਰਦਾ ਰਿਹਾਂ। ਕੇਸ ਫੇਲ੍ਹ ਹੋ ਗਿਐ ਤੇ ਅਗਲਿਆਂ ਫੜ ਕੇ ਚਾੜ੍ਹ ਦਿੱਤੈ ਜਹਾਜੇ।

ਸਿੰਦਰ : ਹੁਣ ਕੀ ਕਰੇਂਗਾ ?

ਬੀਰ : ਐਥੇ ਕੋਈ ਵੀ ਕੰਮ ਕਰ ਲਵਾਂਗਾ। ਬਾਹਰ ਵੀ ਕੰਮ ਈ ਕਰਦਾ ਰਿਹਾਂ ਤੇ ਐਥੇ ਕਰਨ 'ਚ ਕਾਹਦੀ ਸ਼ਰਮ ਏ।

ਸਿੰਦਰ : ਕੰਮ ਕਾਹਦੇ ਨਾਲ ਕਰੇਂਗਾ ?

ਬੀਰ : ਪੈਸਿਆਂ ਨਾਲ, ਤੁਹਾਡੇ ਕੋਲੋਂ ਲੈਣੇ ਨੇ.....

ਸਿੰਦਰ : ਉਹਦੇ ਤਾਂ ਪਲਾਟ ਲੈ ਲਏ ਸੀ।

ਬੀਰ : ਕਿਹਦੇ ਨਾਂ ਤੇ ?

ਸਿੰਦਰ : ਤੇਰੇ ਵੀਰ ਦੇ ਨਾਂ ਤੇ ਈ।

ਬੀਰ : ਪੈਸੇ ਮੇਰੇ ਤੇ ਪਲਾਟ ਵੀਰ ਦੇ ਨਾਂ, ਇਹ ਕਿਧਰ ਦਾ ਨਿਆਂ ਏ?

ਦਿਆਲ : ਤੂੰ ਸਾਬ੍ਹ ਕਰ ਲੈ, ਜਿੰਨੇ ਪੈਸੇ ਬਚਦੇ ਹੋਏ ਤੇਰੇ, ਦੇ ਦਿਆਂਗੇ।

ਬੀਰ : ਮੈਂ ਪੈਸਿਆਂ ਤੇ ਵਿਆਜ ਵੀ ਲੈਣਾਂ ਏ।

ਦਿਆਲ : ਵਿਆਜ ਨਹੀਂ ਮਿਲਣਾ, ਨਾਲੇ ਤੂੰ ਵਿਆਜ ਮੰਗਦਾ ਕਾਹਦਾ ਏਂ?

ਬੀਰ : ਪਲਾਟਾਂ ਦੀ ਕੀਮਤ ਪੰਜ ਪੰਜ ਛੇ ਛੇ ਗੁਣਾਂ ਵਧ ਗਈ ਏ। ਮੇਰੇ ਪੈਸਿਆਂ ਨਾਲ ਲੈ ਕੇ ਪਲਾਟ ਤੇ ਦਸ ਸਾਲ ਪਹਿਲਾਂ ਵਾਲੀ ਰਕਮ ਮੋੜੇਂ ਤਾਂ ਮੈਂ ਭਲਾ ਲੈ ਲਾਂਗਾ?

ਸਿੰਦਰ : ਤੈਨੂੰ ਬਣਿਆ ਕੀ ਏ ਬੀਰ? ਕਿਤੇ ਆਹ ਚੁੜੇਲ ਨੇ ਤਾਂ ਤੈਨੂੰ ਪੁੱਠੀਆਂ ਪੱਟੀਆਂ ਪੜ੍ਹਾ ਦਿੱਤੀਆਂ।

ਬੀਰ : ਖਬਰਦਾਰ, ਜੇ ਇਹਨੂੰ ਕੋਈ ਮੰਦਾ ਬੋਲਿਆ ਤਾਂ। ਮੇਰੇ ਨਾਲ ਸਾਬ੍ਹ ਕਰੋ ਤੇ ਮੈਂ ਵੀ ਅਪਣਾ ਪੜ੍ਹਿਆ ਵਿਚਾਰਾਂ।

ਦਿਆਲ : ਕਰ ਲੈ ਸਾਬ੍ਹ, ਪਰ ਮੈਂ ਵਿਆਜ ਇੱਕ ਕੌਡੀ ਨਹੀਂ ਦੇਣਾ।

ਬੰਟੀ : *(ਬੀਰ ਨੂੰ)* ਤੁਸੀਂ ਮੂਲ ਈ ਲੈ ਲਓ। ਰੱਬ ਸਾਨੂੰ ਵੀ ਦੇਵੇਗਾ ਈ।

ਬੀਰ : *(ਸਹਿਮਤ ਹੁੰਦਾ ਹੋਇਆ)* ਕਰ ਲੈ ਸਾਬ੍ਹ। ਮੈਂ ਤੁਹਾਨੂੰ ਭੇਜਿਐ ਤੀਹ ਲੱਖ।

ਦਿਆਲ : ਤੈਨੂੰ ਭੁਲੇਖਾ ਲਗਦੈ, ਮੇਰੀ ਡਾਇਰੀ ਤੇ ਲਿਖਿਐ ਤੇਈ ਲੱਖ। ਡਾਲਰਾਂ ਤੁੜਾ ਕੇ ਬਣਿਆ ਸੀ ਸਾਰਾ ਮਸਾਂ ਤੇਈ ਲੱਖ ਈ।

ਬੀਰ : ਕੱਢੋ ਤੇਈ ਲੱਖ ਈ।

ਦਿਆਲ : *(ਮਜ਼ਾਕ ਉਡਾਉਂਦਾ ਹੋਇਆ)* ਹੂੰ ਕੱਢੋ ਤੇਈ ਲੱਖ ਈ। ਜਿਹੜਾ ਤੇਰੇ ਤੇ ਖਰਚਾ ਆਇਐ ਉਹ ਛੱਡ ਦੇਵਾਂ?

ਬੀਰ : ਕੱਟ ਲੈ।

ਦਿਆਲ : ਤੇਰੇ ਵਿਆਹ ਤੇ ਆਇਐ ਪੰਜ ਲੱਖ ਰੁਪਏ ਖਰਚਾ।

ਬੀਰ : ਪੰਜ ਲੱਖ? ਵਿਆਹ ਤਾਂ ਖਾ ਗਏ ਤੇਰੇ ਰਿਸ਼ਤੇਦਾਰ ਤੇ ਯਾਰ ਦੋਸਤ। ਮੈਂ ਤਾਂ ਕਿਸੇ ਨੂੰ ਬੁਲਾਇਆ ਵੀ ਨਹੀਂ ਸੀ।

ਦਿਆਲ : ਬੁਲਾ ਲੈਣਾ ਸੀ, ਤੈਨੂੰ ਕਿਹਨੇ ਰੋਕਿਆ ਸੀ। ਬਾਕੀ ਰਹਿ ਗਏ ਅਠਾਰਾਂ ਲੱਖ। ਤੇਰੇ ਕਾਗਜ ਬਣਾ ਕੇ ਭੇਜੇ ਸੀ ਦਿੱਲੀ ਤੋਂ ਪੇਪਰ ਮੈਰਜ ਵਾਸਤੇ। ਦਿੱਲੀ ਖਰਚ ਹੋਇਆ ਸੀ ਤਿੰਨ ਲੱਖ।

ਬੀਰ : ਝੂਠ, ਲੋਕਾਂ ਦੇ ਲੱਗਦੇ ਨੇ ਵੀਹ ਪੰਝੀ ਹਜਾਰ ਤੇ ਤੂੰ ਲਾ ਤੇ ਤਿੰਨ ਲੱਖ।

ਦਿਆਲ : ਪਿਛਲੀ ਵਾਰ ਜਦੋਂ ਤੂੰ ਆਇਆ ਸੀ ਤੈਨੂੰ ਕਿਹਾ ਸੀ ਸਾਬ੍ਹ ਪੁੱਛ ਲੈ ਦਿੱਲੀ ਦੇ ਖਰਚੇ ਦਾ। ਤੂੰ ਆਪ ਈ ਪੁੱਛਿਆ ਨਾ।



ਬੀਰ : ਮੈਨੂੰ ਕੀ ਪਤਾ ਸੀ ਤੂੰ ਮੈਨੂੰ ਚੂੰਡ ਕੇ ਖਾ ਜਾਏਂਗਾ।

ਦਿਆਲ : ਸਾਬ੍ਹ ਬਿਲਕੁਲ ਸਾਫ ਏ, ਕੋਈ ਘੁੰਡੀ ਨਹੀਂ ਇਹਦੇ 'ਚ। ਬਾਕੀ ਰਹਿ ਗਏ ਪੰਦਰਾਂ ਲੱਖ।

ਬੀਰ : *(ਖਿੱਝ ਕੇ)* ਹੋਰ ਕੱਢ ਲੈ ਖਰਚਾ?

ਦਿਆਲ : ਤੇਰੀ ਜਨਾਨੀ ਰਹੀ ਮੇਰੇ ਘਰ ਪੂਰੇ ਤਿੰਨ ਸਾਲ। ਤੈਨੂੰ ਪਤੈ ਅਪਣੇ ਘਰ ਦੇ ਸਟੈਂਡਰਡ ਦਾ। ਤਿੰਨ ਸਾਲਾਂ ਵਿੱਚ ਰੋਟੀ ਦਾ ਖਰਚਾ, ਪਾਣੀ ਦਾ ਖਰਚਾ, ਦੁੱਧ ਦਾ ਖਰਚਾ, ਬਿਜਲੀ ਦਾ ਖਰਚਾ ਵਗੈਰਾ ਦੋ ਲੱਖ ਰੁਪਏ।

ਬੰਟੀ : ਮੈਨੂੰ ਚੰਗਾ ਰੋਜ ਚਿਕਨ ਲਿਆ ਲਿਆ ਖਵਾਉਂਦੇ ਸੀ? ਤਿੰਨ ਸਾਲ ਮੈਂ ਨੌਕਰਾਣੀ ਦਾ ਕੰਮ ਕੀਤਾ। ਤੁਸੀਂ ਨੌਕਰਾਣੀਆਂ ਕੋਲੋਂ ਕੰਮ ਕਰਵੌਂਦੇ ਹੋ, ਪੈਸੇ ਵੀ ਦਿੰਦੇ ਹੋ ਤੇ ਰੋਟੀ ਵੀ। ਸਮਝ ਲਉ ਮੈਨੂੰ ਨੌਕਰਾਣੀ ਈ.....*(ਰੋ ਪੈਂਦੀ ਹੈ)*

ਬੀਰ : ਸ਼ਰਮ ਕਰੋ, ਕੁਛ ਸ਼ਰਮ ਕਰੋ।
*(ਕਸ਼ਮੀਰਾ ਆਉਂਦਾ ਹੈ)*

ਕਸ਼ਮੀਰਾ : ਬੀਰ ਅਚਾਨਕ ਈ ਆ ਗਿਐਂ? ਕਿਸ ਤਰ੍ਹਾਂ ਬੈਠੇ ਹੋ ਉੱਖੜੇ ਉੱਖੜੇ? ਕੋਈ ਬੋਤਲ ਸ਼ੋਤਲ ਅੱਗੇ ਰੱਖਣੀ ਸੀ ਤੁਸੀਂ ਤੇ ਮੁਰਗਾ ਸ਼ੁਰਗਾ ਫਰਾਈ ਕਰ ਲੈਣਾ ਸੀ।

ਦਿਆਲ : *(ਕਸ਼ਮੀਰੇ ਦੀ ਗੱਲ ਅਣਸੁਣੀ ਕਰਦਾ ਹੋਇਆ)* ਬਾਕੀ ਰਹਿ ਗਏ ਤੇਰਾਂ ਲੱਖ। ਇੱਕ ਖਰਚਾ ਹੋਰ ਹੋਇਆ ਸੀ ਤੇਰੇ ਤੇ।

ਬੀਰ : ਕੱਟ ਲੈ ਉਹ ਵੀ, ਤੇਰਾ ਰੱਜ ਹੋ ਜਾਏ ਭੁੱਖਿਆ।

ਦਿਆਲ : ਗਲਤ ਨਾ ਬੋਲੀਂ, ਨਹੀਂ ਤਾਂ ਪੈਸਾ ਇੱਕ ਨਹੀਂ ਮਿਲਣਾ। ਪਿਛਲੀ ਵਾਰ ਤੈਨੂੰ ਦਿੱਲੀ ਲੈਣ ਗਏ ਸੀ ਗੱਡੀ ਕਰਾ ਕੇ ਤੇ ਆਉਂਦੇ ਈ ਪਾਰਟੀ ਦਿੱਤੀ ਸੀ ਖਾਸ ਖਾਸ ਬੰਦਿਆਂ ਨੂੰ। ਪੰਜਾਹ ਹਜ਼ਾਰ ਈ ਲਾ ਲਉ।

ਬੰਟੀ : *(ਖਿੱਝਦੀ ਹੋਈ)* ਕੱਟ ਲਉ ਉਹ ਵੀ।

ਦਿਆਲ : ਬਾਕੀ ਰਹਿ ਗਿਆ ਸਾਢੇ ਬਾਰਾਂ ਲੱਖ, ਮੋੜ ਦਿਆਂਗਾ।

ਬੀਰ : ਕਦੋਂ?

ਦਿਆਲ : ਇਕ ਸਾਲ ਦੇ ਅੰਦਰ ਅੰਦਰ। ਹੁਣ ਚੱਕ ਲੈ ਅਪਣਾ ਸਮਾਨ ਤੇ ਲੈ ਜਾ ਜਿੱਥੇ ਦਿੱਲ ਵਜਦੈ।

ਬੀਰ : *(ਗੁੱਸੇ ਵਿੱਚ)* ਓ ਡਾਕੂਆ, ਤੂੰ ਮੈਨੂੰ ਕੰਗਾਲ ਕਰ ਕੇ ਰੱਖ ਦਿੱਤੇ। ਤੀਹ ਲੱਖ ਸੁੰਗੜ ਕੇ ਰਹਿ ਗਿਆ ਸਾਢੇ ਬਾਰਾਂ ਲੱਖ। ਮੈਂ ਤੈਨੂੰ ਨਹੀਂ ਛੱਡਣਾ।

ਸਿੰਦਰ : ਤੂੰ ਸਾਡੇ ਗਲ ਪੈਣੈਂ ?

ਬੀਰ : ਗਲ ਨਾ ਪਵਾਂ ਤੇ ਹੋਰ ਤੁਹਾਡੇ ਪੈਰ ਚੁੰਮਾਂ ?ਮੈਨੂੰ ਲੁੱਟ ਕੇ ਖਾ ਗਏ ਤੁਸੀਂ ਦੋਵੇਂ ਮੀਆਂ ਬੀਵੀ।

ਸਿੰਦਰ : ਉੱਚੀ ਨਾ ਬੋਲੀਂ।ਚੁੱਪ ਕਰਕੇ ਸਮਾਨ ਵੀ ਲੈ ਜਾ ਤੇ ਨਾਲ ਈ ਲੈ ਜਾ ਆਹ ਹੁਸਨਬਾਨੋ ਨੂੰ ਵੀ।

ਬੀਰ : ਬਦਮਾਸ਼ ਔਰਤ, ਪਹਿਲਾਂ ਮੈਂ ਤੇਰਾ ਫਾਹ ਮੁਕਾਵਾਂਗਾ ਤੇ ਫੇਰ ਐਸ ਮੀਣੇ ਦਿਆਲ ਦਾ।

*(ਧੰਨਾ ਸਿੰਘ ਆਉਂਦਾ ਹੈ)*

ਧੰਨਾ : ਮੁਕਾ ਦੇ ਫਾਹ ਇਹਨਾਂ ਦੋਵਾਂ ਕੰਜਰਾਂ ਦਾ।

ਦਿਆਲ : ਦੌੜ ਜਾ ਬੁੱਢਿਆ ਕੁੱਤਿਆ।

ਬੀਰ : ਬਾਪੂ ਕ੍ਰਿਪਾਣ ਕਿੱਥੇ ਵੇ ?

ਧੰਨਾ : ਅਪਣੀ ਬੈਠਕ ਵਿੱਚ ਏ ਗੁੱਠ ਦੇ ਨਾਲ ਈ। ਕਰ ਦੇ ਟੋਟੇ ਐਸ ਬਦਮਾਸ਼ ਔਰਤ ਦੇ ਤੇ ਇਹਦੇ ਬੰਦੇ ਦੇ।

*(ਬੀਰ ਦੌੜਦਾ ਬਾਹਰ ਜਾਂਦਾ ਹੈ)*

ਸਿੰਦਰ : *(ਕਸ਼ਮੀਰੇ ਨੂੰ)* ਭਾ ਜੀ, ਤੁਸੀਂ ਤਾਂ ਸਾਡਾ ਸਾਥ ਦਿਓਗੇ ਨਾ ? ਆਹ ਕਲੈਹਣੇ ਬੀਰ ਨੂੰ ਫੜੋ ਧੌਣੋਂ, ਫਿਰ ਦੋਵੇਂ ਭਰਾ ਕੱਠੇ ਈ ਬੈਠਿਓ ਖਾਣ ਪੀਣ।

ਕਸ਼ਮੀਰਾ : ਮਾਫ਼ ਕਰਨਾ ਸਿੰਦਰ ਕੌਰੇ, ਸ਼ਰਾਬ ਪੀ ਪੀ ਇਹਨਾਂ ਹੱਡਾਂ 'ਚ ਹੁਣ ਐਨੀ ਜਾਨ ਨਹੀਂ ਰਹੀ ਕਿ ਬੀਰ ਦੀ ਕੁੱਟ ਖਾ ਸਕਣ।

ਸਿੰਦਰ : *(ਘਬਰਾਹਟ ਵਿੱਚ)* ਤੁਸੀਂ ਵੀ ਛੱਡ ਗਏ, ਹਾਏ ਰੱਬਾ ! ਕੀ ਕਰੀਏ ?

ਕਸ਼ਮੀਰਾ : ਤੁਸੀਂ ਦੋਵੇਂ ਜੀਅ ਅੰਦਰ ਲੁੱਕ ਜਾਓ ਤੇ ਅੰਦਰੋਂ ਕੁੰਡੀ ਲਾ ਲਉ ਚੰਗੀ ਤਰ੍ਹਾਂ। ਬੀਰ ਦਾ ਗੁੱਸਾ ਬੜ੍ਹਾ ਭੈੜਾ ਏ, ਉਹਨੇ ਬਾਹਰ ਅਮਰੀਕਾ ਵਿੱਚ ਬੜ੍ਹੇ ਮੁੰਡੇ ਕੁੱਟੇ ਨੇ।ਮੈਂ ਵੀ ਚਲਦਾਂ, ਕਿਤੇ ਉਹਦਾ ਗੁੱਸਾ ਮੇਰੇ ਤੇ ਨਾ ਨਿਕਲ ਜਾਏ। *(ਕਸ਼ਮੀਰਾ ਦੌੜ ਜਾਂਦਾ ਹੈ, ਸਿੰਦਰ ਅਤੇ ਦਿਆਲ ਕਮਰੇ 'ਚ ਲੁੱਕ ਜਾਂਦੇ ਹਨ)*

ਧੰਨਾ : ਜੇ ਹਿੰਮਤ ਏ ਤਾਂ ਰਹੋ ਬਾਹਰ ਕੁੱਤਿਓ।

*(ਬੀਰ ਆਉਂਦਾ ਹੈ, ਉਸਦੇ ਹੱਥ ਵਿੱਚ ਨੰਗੀ ਕ੍ਰਿਪਾਣ ਹੈ)*

ਬੀਰ : *(ਕ੍ਰਿਪਾਣ ਸੂਤਦਾ ਹੋਇਆ)* ਬੇਈਮਾਨੋ ! ਕੱਢੋ ਮੇਰੇ ਡਾਲਰ, ਮੇਰੇ ਡਾਲਰ ਮੋੜ ਦਿਓ, ਨਹੀਂ ਤਾਂ ਘਰ ਫੂਕ ਦਿਆਂਗਾ ਸਾਰਾ।

*(ਬੀਰ ਦੀ ਇਸੇ ਮੁਦਰਾ ਵਿੱਚ ਹਨੇਰਾ ਹੋ ਜਾਂਦਾ ਹੈ)*

******